ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਜ

ਅੰਮ੍ਰਿਤਸਰ

ਭਾ: ਸਾ: ਰਣਧੀਰ ਸਿੰਘ ਜੀ ਮਨ-ਮੇਲੀਆਂ ਨਾਲ

JUL 1988

ਜੁਲਾਈ ੧੯੮੮



www.AKJ.Org

ਭਾ: ਸਾ: ਰਣਧੀਰ ਸਿੰਘ ਜੀ, ਬਾਊ ਮੱਲ ਸਿੰਘ ਜੀ, ਸੰਤ ਵਸਾਖਾ ਸਿੰਘ ਜੀ ਦਦੇਹਰ

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੩/੭੦-੬੮-੪ (ਅ. ਪ.) ਮਿਤੀ ੧੭-੧੦-੬੮ ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਇਹ ਥਾਂ ਸੱਚੇ ਪਾਤਸ਼ਾਹ ਦੀ | ੩ | ਪ੍ਰੋਫੈਸਰ ਪੂਰਨ ਸਿੰਘ ਜੀ |
| ਆਗੇ ਸਮਝ ਚਲਹੁ ਨੰਦ ਲਾਲਾ...... | ੪ | — — |
| 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦਾ ਟੀਕਾ ਅਤੇ ਟਿਪਣੀ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਬਾਬਾ ਰਾਮ ਸਿੰਘ ਅਤੇ ਮਾਈ ਪ੍ਰੇਮ ਕੌਰ ਜੀ | ੧੦ | ,, ,, ,, |
| ਜਿਸ ਨੋ ਤੇਰੀ ਖੁਸੀ | ੧੫ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਲੈ ਗਿਆ ਕੌਣ (ਕਵਿਤਾ) | ੧੯ | ਸ: ਅਤਰ ਸਿੰਘ ਜੀ ਨੀਰ |
| ਭਾਈ ਸਾਹਿਬ ਦੇ ਪ੍ਰੀਤਵਾਨਾਂ ਦੇ ਹੱਡੀ ਵਾਪਰੇ ਸਮਾਚਾਰ | ੨੦ | ਪ੍ਰੋਫੈਸਰ ਠਾਕਰ ਸਿੰਘ ਜੀ |
| ,, ,, ,, ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ | ੨੨ | ਭਾਈ ਰਾਮ ਸਿੰਘ ਜੀ |
| ਵਾਹਿਗੁਰੂ ਜੀ ਕਾ "ਖਾਲਸਾ" | ੨੭ | ਪ੍ਰੋਫੈਸਰ ਪੂਰਨ ਸਿੰਘ ਜੀ |
| ਗੁਰਬਾਣੀ ਉਤਸ਼ਾਹਤ ਸਕੀਮ-ਸ੍ਰੀ ਸੁਖਮਨੀ ਸਾਹਿਬ ਪ੍ਰੀਖਿਆ | ੩੧ | ਗੁਰਬਾਣੀ ਥੈਪੀ ਟ੍ਰਸਟ |
| ਸਤਿਗੁਰੂ ਦੇ ਚਰਨਾਂ ਵਿਚ ਪੁਕਾਰ (ਕਵਿਤਾ) | ੩੪ | ਗਿਆਨੀ ਗੋਪਾਲ ਸਿੰਘ ਜੀ ਮਿਤਰ |
| ਅਨੋਖਾ ਜੋੜਾ (ਬਾਬਾਣੀਆਂ ਕਹਾਣੀਆਂ) | ੩੫ | ਭਾਈ ਨਰੈਣ ਸਿੰਘ ਜੀ ਐਮ.ਏ. |
| 'ਮੈ ਏਹਾ ਆਸ ਏਹੋ ਆਧਾਰੁ' | ੩੬ | ਜਥੇਦਾਰ, ਅਖੰਡ ਕੀਰਤਨੀ ਜਥਾ |
| ਇਹ ਸਭ ਕੁਝ ਕਿਉਂ ਹੋ ਰਿਹਾ ਹੈ ? | ੩੭ | ਭਾਈ ਮੋਹਨ ਸਿੰਘ ਜੀ ਵੈਦ |


## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਐਸ. ਐਸ. ਮਲ੍ਹੀ ਬਰਮਿੰਘਮ, ਯੂ. ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੩੨-੦੦ |
| ਸ: ਗਜਨ ਸਿੰਘ ਕਵੈਂਟਰੀ ਯੂ. ਕੇ. | ,, ,, ,, | ੩੫੨-੫੦ |
| ਬੀ. ਐਸ. ਚੱਢਾ ਸਲੋਅ ਯੂ. ਕੇ. | ,, ,, ,, | ੩੫੨-੫੦ |
| ਸ: ਗੁਰਦੇਵ ਸਿੰਘ ਲਿਸਟਰ ਯੂ. ਕੇ. | ,, ,, ,, | ੧੭੫-੦੦ |
| ਬੀਬੀ ਰਵਿੰਦਰ ਕੌਰ ਬੇਗੋਵਾਲ | ,, ,, ,, | ੨੦-੦੦ |
| ਸਰਦਾਰਨੀ ਪ੍ਰੀਤਮ ਕੌਰ ਗੁਰਚਰਨ ਸਿੰਘ ਡੋਗਰਗੜ੍ਹ | ਭਾ: ਪ੍ਰੀਤ ਸਿੰਘ ਜੀ ਦੇ ਭੋਗ ਸਮੇਂ | ੧੧-੦੦ |
| ਭਾ: ਬਲਵੀਰ ਸਿੰਘ ਚੱਠਾ ਡਡਲੀ ਯੂ.ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੯੦੦-੦੦ |
| ਸ: ਗੁਰਜੀਤ ਸਿੰਘ ਡਡਲੀ ਯੂ. ਕੇ. | ,, ,, ,, | ੫੨੫-੦੦ |
| ਸ: ਰਜਿੰਦਰ ਸਿੰਘ ਅਹਿਮਦਾਬਾਦ | ,, ,, ,, | ੨੫੮-੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੪-੭-੮੮ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਸਾਲਾਨਾ ਚੰਦਾ
ਦੇਸ ੧੫-੦੦
ਇਕ ਪਰਚਾ ੧-੫੦
ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦
Foreign Subscription
Sea Mail 40-00
Air Mail 100-00
ਅਮਾਨਤੀ
ਲਾਈਫ਼ ਮੈਂਬਰ
ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੨ ਜੁਲਾਈ ੧੯੯੮ ਅੰਕ ੭

## ਇਹ ਥਾਂ ਸੱਚੇ ਪਾਤਸ਼ਾਹ ਦੀ

ਇਥੇ ਬਾਬੇ ਦੇ ਸ਼ਬਦ ਨੇ ਪੱਥਰਾਂ ਨੂੰ ਪਿਘਾਲਿਆ,
ਮਰਦਾਨੇ ਦੀ ਰਬਾਬ ਵਜੀ, ਪਰਬਤਾਂ ਸਲਾਮ ਕੀਤਾ, ਬੂਟਾ ਬੂਟਾ ਵਜਦ ਵਿਚ ਨਚਿਆ,
ਪੰਜਾਬ ਦੀ ਮਿੱਟੀ ਦਾ ਜ਼ੱਰਾ ਜ਼ੱਰਾ ਕੰਬਿਆ ਪਿਆਰ ਵਿਚ, ਉਸੇ ਇਲਾਹੀ ਸੁਰ ਵਿਚ ਦਰਿਆ ਪਏ ਵਗਦੇ ।
ਇਹ ਨਵੇਂ ਸੱਜਰੇ ਬਰਫ਼ਾਨੀ ਦਰਿਆਵਾਂ ਦਾ ਦੇਸ ਹੈ ।
ਦਰਿਆ ਹੋ ਰਹਿਣਾ, ਦਰਿਆ ਹੋ ਜੀਣਾ, ਇਥੇ ਇਹ ਸਤਿਗੁਰਾਂ ਦਾ ਆਦੇਸ਼ ਹੈ ।
ਦਰਿਆਵਾਂ ਦੇ ਮੇਲੇ ਇਥੇ, ਦਰਿਆਵਾਂ ਵਾਲੇ ਵਿਛੋੜੇ, ਡੂੰਘੇ ਤੇ ਲੰਮੇ ਸਾਰੇ, ਵਡੇ ਵਡੇ ਦਰਦ ਓ !......
ਮੈਨੂੰ ਪੰਜਾਬ ਜਿਹਾ ਮੁਲਖ ਕੋਈ ਹੋਰ ਨਾਂਹ ਦਿਸਦਾ,
ਵਸਦਾ ਤੇ ਹੱਸਦਾ ਖੇਡਦਾ, ਮਜ਼ੂਰੀ ਕਰਦਾ ਪਿਆਰ ਦੀ।...
ਇਹ ਗੁਰਾਂ ਵਾਲੀ ਧਰਤੀ ਹੈ, ਇਥੇ ਸੱਚਾ ਦਰਬਾਰ ਹੈ,
ਇਥੇ ਦਿਲ ਪਿਆ ਝੁਕਦਾ, ਸਿਰ ਪਿਆ ਨਿੰਵਦਾ,
ਇਥੇ ਪਿਆਰਾਂ ਮੱਲੋ ਮੱਲੀ ਪੈਂਦੀਆਂ,
ਇਥੇ ਹੁਸਨ ਦੀ ਸਰਕਾਰ ਦੇ ਤੰਬੂ ਆਣ ਲਗਦੇ,
ਇਥੇ ਗੋਬਿੰਦ ਸਿੰਘ ਪਿਆਰਾ ਰਾਖਾ ਸਾਡਾ,
ਇਹ ਥਾਂ ਸੱਚੇ ਪਾਤਸ਼ਾਹ ਦੀ, ਇਥੇ ਉਸ ਪਿਆਰੇ ਦਾ ਮਿੱਠਾ ਮਿੱਠਾ ਆਸਰਾ !

[ਪ੍ਰੋ: ਪੂਰਨ ਸਿੰਘ ਜੀ ਰਚਿਤ "ਖੁਲ੍ਹੇ ਮੈਦਾਨ" ਚੋਂ



www.AKJ.Org

# ਆਗੇ ਸਮਝ ਚਲਹੁ ਨੰਦ ਲਾਲਾ......

ਅਪ੍ਰੇਸ਼ਨ 'ਕਾਲੀ ਗਰਜ' ਕਾਫ਼ੀ ਦੇਰ ਦਾ ਸਮਾਪਤ ਹੋ ਚੁਕਾ ਹੈ, ਪਰ ਇਸ ਦੀ ਕਾਲਖ ਅਤੇ ਧਮਕ ਅਜੇ ਵੀ ਘੂਰ ਘੂਰ ਕੇ ਪੰਜਾਬੀਆਂ ਅਤੇ ਖ਼ਾਸ ਕਰਕੇ ਸਿਖਾਂ ਨੂੰ ਡਰਾਅ ਰਹੀ ਹੈ।

ਸਰਕਾਰ ਦਾ ਇਹ ਡਰਾਮਾ ਸਫਲ ਰਿਹਾ ਜਾਪਦਾ ਏ। ਪਰਸਾਰ-ਮੀਡੀਆ ਕੁਲ ਸਰਕਾਰ ਕੋਲ ਹੈ, ਜਿਸ ਨਾਲ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਕਰ ਵਿਖਾਣਾ ਮਮੂਲੀ ਗੱਲ ਹੈ। ਦੂਜੇ ਪਾਸੇ ਪ੍ਰੈਸ ਉਹਨਾਂ ਲੋਕਾਂ ਕੋਲ ਹੈ, ਜੋ ਅੱਖਾਂ ਤੇ ਫ਼ਿਰਕਾ-ਪ੍ਰਸਤੀ ਦੀ ਪਟੀ ਬੰਨ੍ਹੀ ਨਿਰਪਖ ਸੋਚਣੀ ਵਲ ਪਿਠ ਕਰੀ ਬੈਠੇ ਹਨ।

ਸ੍ਰੀ ਦਰਬਾਰ ਸਾਹਿਬ ਦੇ ਚਹੁਹੀਂ ਪਾਸੀਂ ਸਾਲਾਂ ਤੋਂ ਸੀ.ਆਰ.ਪੀ. ਦੀ ਕਰੜੀ ਘੇਰਾ-ਬੰਦੀ ਹੈ। ਆਉਂਦੇ ਜਾਂਦੇ ਹਰ ਫ਼ਰਦੋ-ਬਸ਼ਰ ਨੂੰ ਚੈਕ ਕੀਤਾ ਜਾਂਦਾ ਹੈ, ਸਾਰੇ ਕਾਰਾਂ ਟਰੱਕਾਂ ਦੀ ਤਲਾਸ਼ੀ ਲਈ ਜਾਂਦੀ ਹੈ। ਕੋਈ ਪੁਛੇ, ਫਿਰ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਹਥਿਆਰ ਕਿਵੇਂ ਪਹੁੰਚ ਗਏ ? ਹਥਿਆਰਾਂ ਦਾ ਸਮੂਹ ਦੇ ਅੰਦਰ ਚਲੇ ਜਾਣਾ ਕਿਸ ਦੀ ਅਣਗਹਿਲੀ ਦਾ ਪ੍ਰਤੀਕ ਹੈ ? ਪਰ ਰਾਣੀ ਨੂੰ ਕੌਣ ਆਖੇ ਅਗਾ ਢੱਕ ?

ਪਿਛਲੇ ਕੁਝ ਚਿਰ ਤੋਂ ਪਤਾ ਨਹੀਂ ਕਿਸ ਦੇ ਚੁੱਕ ਚੁਕਾਅ ਤੇ, ਸਮੂਹ ਦੇ ਅੰਦਰਲੇ ਖਾੜਕੂ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰੋਂ ਹਥਿਆਰਾਂ ਦੀ ਬੇਲੋੜੀ ਪਰਦਰਸ਼ਨੀ ਕਰ ਰਹੇ ਸਨ। ਗਲਤ ਅਨਸਰ ਵਲੋਂ ਖਾੜਕੂਆਂ ਦੇ ਨਾਂ ਥਲੇ ਲੋਕਾਂ ਤੋਂ ਪੈਸੇ ਬਟੋਰਨ ਅਤੇ ਕਈਆਂ ਨੂੰ ਤਸੀਹੇ ਦੇ ਦੇ ਮਾਰੇ ਜਾਣ ਦੀਆਂ ਖ਼ਬਰਾਂ ਵੀ ਕਾਫ਼ੀ ਗਰਮ ਸਨ।

ਸ਼ਰੋਮਣੀ ਗੁ: ਪ੍ਰ: ਕਮੇਟੀ ਹੀਣੀ, ਨਿਤਾਣੀ ਤੇ ਸਾਹਸਹੀਣ ਹੋਈ ਜਾਪਦੀ ਸੀ। ਗੰਦਾ ਅਨਸਰ ਖਾੜਕੂਆਂ ਵਿਚ ਪੂਰੀ ਤਰ੍ਹਾਂ ਘੁਸ ਚੁਕਾ ਸੀ ਅਤੇ ਉਹਨਾਂ ਨੂੰ ਤੁਖਣਾ ਦੇ ਦੇ ਕੇ ਉਹਨਾਂ ਕੋਲੋਂ ਉਲਟੇ ਕਾਰੇ ਕਰਵਾ ਰਿਹਾ ਸੀ ਤੇ ਉਹਨੇ ਖਾੜਕੂਆਂ ਦੀ ਮਤ ਤੇ ਪੜਦਾ ਪਾ ਰਖਿਆ ਸੀ। ਭਾਈ ਜਸਬੀਰ ਸਿੰਘ ਜੀ ਨੇ ਜਤਨ ਕੀਤਾ ਕਿ ਉਹ ਖਾੜਕੂਆਂ ਨੂੰ, ਸਮੂਹ ਦਾ ਵਾਤਾਵਰਨ ਸਾਤਵਿਕ ਰਖਣ ਲਈ ਪ੍ਰੇਰ ਸਕਣ, ਪਰ ਗੰਦਾ ਅਨਸਰ ਖਾੜਕੂਆਂ ਤੇ ਹਾਵੀ ਹੋ ਜਾਣ ਕਾਰਨ ਸਫਲਤਾ ਨਾ ਹੋਈ।

ਬਦ-ਕਿਸਮਤੀ ਦੀ ਗੱਲ ਹੈ ਕਿ ਸ਼ਰੋਮਣੀ ਕਮੇਟੀ,ਖਾੜਕੂ ਅਤੇ ਸਿੰਘ ਸਾਹਿਬਾਨ, ਇਹ ਸਾਰੇ, ਆਪ-ਹੁਦਰੇ ਗਲੇ ਸੜੇ ਅਨਸਰ ਦੀ ਪਛਾਣ ਕਰਨ ਵਿਚ ਅਸਫਲ ਰਹੇ। ਸਾਰਾ ਉਲਟਾ ਵਰਤਾਰਾ ਅਖੀਂ ਵੇਖ ਕੇ ਵੀ ਕੋਈ ਉਪਾਅ ਕਰਨ ਤੋਂ ਭੈ-ਭੀਤ ਰਹੇ। ਗੰਦਾ ਅਨਸਰ ਸਮੂਹ ਅੰਦਰ ਖਾਲਿਸਤਾਨ ਦੇ ਬੁਰਕੇ ਥਲੇ ਪੰਜੇ ਐਬ ਸ਼ਰਈ ਫਿਰਦਾ ਸੀ।

ਅਫ਼ਸੋਸ ਇਸ ਗੱਲ ਦਾ ਹੈ ਕਿ ਸਰਵੁਚ ਧਾਰਮਿਕ ਪਦ-ਪਦਵੀਆਂ ਤੇ ਉਪਸਥਿਤ ਸਿੰਘ ਸਾਹਿਬ ਸੰਪ੍ਰਦਾਇਕ ਸੋਚਣੀ ਤੋਂ ਉਚੇ ਨਾ ਉਠ ਸਕੇ। ਉਹਨਾਂ ਨੇ ਪੰਥ ਦੀਆਂ ਧਾਰਮਿਕ ਜਥੇਬੰਦੀਆਂ ਨੂੰ ਕਦੀ ਭਰੋਸੇ ਵਿਚ ਲੈਣ ਦਾ ਜਤਨ ਨਹੀਂ ਕੀਤਾ। ਵਿਗੜੀ ਸਥਿਤੀ ਵਿਚ ਜੇਕਰ ਸਿੰਘ ਸਾਹਿਬ ਕੌਮ ਦੇ ਧਾਰਮਿਕ ਜਗਤ ਨੂੰ ਕੋਈ ਸੱਦਾ ਦੇਂਦੇ ਤਾਂ ਸਥਿਤੀ ਨੂੰ ਸੁਧਾਰਨ ਦਾ ਕੋਈ ਬਾਨ੍ਹਣੂ ਅਵੱਸ਼ ਬਝਦਾ।

ਅਕਾਲੀ ਪਾਰਟੀ ਖ਼ੁਦਗਰਜ਼ੀ ਕਾਰਨ ਫੁੱਟ ਦਾ ਸ਼ਿਕਾਰ ਹੋ ਕੇ ਲੀਰੋ ਲੀਰ ਹੋਈ ਪਈ ਹੈ। ਅਜ ਅਧੀ ਦਰਜਨ ਅਕਾਲੀ ਦਲ ਹੋਂਦ ਵਿਚ ਹਨ, ਅਤੇ ਹਰੇਕ ਦਲ ਆਪਣੀ ਵਖਰੀ ਡਫਲੀ ਵਜਾ ਰਿਹਾ ਹੈ। ਅਕਾਲੀ ਦਲ ਨੂੰ ਸ੍ਰੀ ਅਕਾਲ ਤਖਤ ਅਥਵਾ ਸ੍ਰੀ ਮੰਜੀ ਸਾਹਿਬ ਤੋਂ ਬਲ ਮਿਲਦਾ ਸੀ, ਜਿਸ ਦੇ ਬਲ-ਬੋਤੇ ਇਹ ਸ਼ੇਰ ਹੋਏ ਫਿਰਦੇ ਸਨ। ਏਨ੍ਹਾਂ ਅਕਲ ਦੇ ਧਨੀਆਂ ਨੂੰ ਕੌਣ ਸਮਝਾਏ ਕਿ ਐਮਰਜੈਂਸੀ ਦਾ ਮੋਰਚਾ ਜਿੱਤਣ ਦਾ ਸਿਹਰਾ ਸ੍ਰੀ ਅਕਾਲ ਤਖ਼ਤ ਅਤੇ ਸ੍ਰੀ ਮੰਜੀ ਸਾਹਿਬ ਦੇ ਸਿਰ ਸਦਕੇ ਇਹਨਾਂ ਦੇ ਸਿਰ ਬਝਾ ਸੀ। ਇਹਨਾਂ ਨੇ ਆਪਣੀਆਂ ਕਰਤੂਤਾਂ ਕਾਰਨ ਸ੍ਰੀ ਅਕਾਲ ਤਖ਼ਤ ਦੀ ਸ਼ੋਭਾ-ਸ਼ਕਤੀ ਨੂੰ ਵੀ ਖੀਣ ਕਰ ਵਿਖਾਇਆ ਹੈ।

ਸ਼ਰੋਮਣੀ ਕਮੇਟੀ ਵੀ ਕਈ ਸਾਲਾਂ ਤੋਂ ਕੁਦਬੀ ਵਰਤ ਰਹੀ ਹੈ। ਇਸ ਸੰਸਥਾ ਦੇ ਆਗੂ ਵੀ ਪਾਵਰ ਅਤੇ ਪੈਸੇ ਦੇ ਲਾਲਚ ਅਧੀਨ ਗ਼ਲਤ ਤੋਂ ਗ਼ਲਤ ਹਰਕਤਾਂ ਕਰਦੇ ਆ ਰਹੇ ਹਨ। ਧਰਮ-ਪਰਚਾਰ ਦੇ ਕੰਮ ਨੂੰ ਪਿਠ ਦੇ ਕੇ ਇਸ ਦੇ ਆਗੂ ਤੇ ਅਧਿਕਾਰੀ ਪਰਸਪਰ ਖਿਚੋਤਾਣ ਅਤੇ ਜ਼ਾਤੀ ਮੁਫ਼ਾਦ ਲਈ ਫ਼ੰਡਾਂ ਦੀ ਕੁਵਰਤੋਂ ਕਰ ਰਹੇ ਹਨ। ਸੰਸਥਾ ਦਾ ਧਾਰਮਿਕ ਅਤੇ ਆਰਥਕ ਪਖੋਂ ਦੁਆਲਾ ਨਿਕਲਿਆ ਪਿਆ ਹੈ।

www.AKJ.Org

ਓਧਰ ਖਾੜਕੂ ਵੀ ਕਈ ਗੁੱਟਾਂ ਵਿਚ ਵੰਡੇ ਪਏ ਹਨ। ਚੌਧਰ ਦੀ ਭੁਖ ਹਰ ਪਾਸੇ ਜਾਲ ਪਸਾਰੀ ਬੈਠੀ ਹੈ। ਖਾੜਕੂਆਂ ਵਿਚ ਗੰਦਾ ਅਨਸਰ ਕਾਫ਼ੀ ਗਿਣਤੀ ਵਿਚ ਪਰਵੇਸ਼ ਕਰ ਚੁਕਾ ਹੈ, ਜੋ ਖਾਲਿਸਤਾਨ ਦਾ ਬੁਰਕਾ ਪਾ ਕੇ ਤੇ ਉਹਨਾਂ ਦੇ ਮੂਹਰੇ ਪੈਰ ਰਖ ਕੇ ਉਹਨਾਂ ਨੂੰ ਪੈਰੋਂ ਕਢੀ ਫਿਰਦਾ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੇ ਮਲਬੇ ਥਲਿਓਂ ਅਜ ਤਕ ਸਰਕਾਰ ਵਲੋਂ ੨੩ ਮਨੁਖੀ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਬਿਲਾ-ਸ਼ਕ ਇਹ ਗੰਦੇ ਮੰਦੇ ਅਨਸਰ ਦੀਆਂ ਹਰਕਤਾਂ ਦਾ ਨਤੀਜਾ ਹੈ, ਪਰ ਅਜਿਹੇ ਗਲਤ ਅਨਸਰ ਦੀ ਪਛਾਣ ਕਰ ਸਕਣ ਦੀ ਅਸਫਲਤਾ ਦੀ ਜ਼ਿਮੇਵਾਰੀ ਤੋਂ ਕੋਈ ਕਿਵੇਂ ਬਚ ਸਕਦਾ ਹੈ ? ਇਸ ਘਟਨਾ ਨਾਲ ਲੋਕਾਂ ਵਿਚ ਧਰਮ-ਅਸਥਾਨਾਂ ਅਤੇ ਸਿਖੀ ਸਰੂਪ ਪ੍ਰਤੀ ਬੇ-ਵਿਸ਼ਵਾਸੀ ਆਈ ਹੈ ਅਤੇ ਇਸ ਨਾਲ ਸਮੁੱਚੀ ਕੌਮ ਦਾ ਸਿਰ ਨੀਵਾਂ ਹੋਇਆ ਹੈ।

ਇਸ ਦੁਰਘਟਨਾ ਦੇ ਸਦਮੇ ਦੀ ਬੁਖਲਾਹਟ ਵਿਚ ਸ਼ਰੋਮਣੀ ਕਮੇਟੀ ਵਲੋਂ ਇਸ ਦੀ ਸਾਰੀ ਜ਼ਿਮੇਵਾਰੀ ਸਿੰਘ ਸਾਹਿਬਾਨ ਤੇ ਸੁਟੀ ਗਈ ਹੈ ਅਤੇ ਇਸ ਦੋਸ਼ ਵਜੋਂ ਉਹਨਾਂ ਨੂੰ ਸੇਵਾ-ਮੁਕਤ ਕਰ ਦਿਤਾ ਗਿਆ ਹੈ। ਦੂਜੇ ਪਾਸੇ ਸਿੰਘ ਸਾਹਿਬਾਨ ਵਲੋਂ ਜੇਲ੍ਹ ਅੰਦਰ ਪ੍ਰੈਸ ਕਾਨਫਰੰਸ ਕਰ ਕੇ ਸਾਰੀ ਜ਼ਿਮੇਵਾਰੀ ਸ਼ਰੋਮਣੀ ਕਮੇਟੀ ਤੇ ਸੁਟੀ ਗਈ ਹੈ। ਇਸ ਨਾਲ ਦੋਵੇਂ ਧਿਰਾਂ ਦੋਸ਼-ਮੁਕਤ ਨਹੀਂ ਹੋ ਸਕਦੀਆਂ, ਸਗੋਂ ਅਜਿਹਾ ਕਰਨਾ ਆਪੋ ਆਪਣੀ ਪੁਜ਼ੀਸ਼ਨ ਨੂੰ ਹਾਸੋ-ਹੀਣਾ ਕਰਨ ਵਾਲੀ ਗੱਲ ਹੈ।

ਸ਼ਰੋਮਣੀ ਕਮੇਟੀ ਗਲਤੀ-ਦਰ ਗਲਤੀ ਕਰ ਰਹੀ ਹੈ। ਭਾਈ ਜਸਬੀਰ ਸਿੰਘ ਜੀ ਦੀ ਥਾਵੇਂ ਗਿਆਨੀ ਹਰਚਰਨ ਸਿੰਘ ਜੀ ਦਿਲੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਜਥੇਦਾਰ ਨਿਯੁਕਤ ਕੀਤਾ ਗਿਆ ਹੈ। ਸਾਨੂੰ ਕਿਸੇ ਦੀ ਜ਼ਾਤ ਨਾਲ ਕੋਈ ਰੰਜਸ਼ ਨਹੀਂ। ਸਵਾਲ ਸਿਧਾਂਤ ਦਾ ਹੈ। ਸਰਦਾਰ ਸਾਹਿਬ ਦੀ ਪੰਥ ਦੇ ਧਾਰਮਿਕ ਖੇਤਰ ਵਿਚ ਕੋਈ ਵਿਸ਼ੇਸ਼ ਪ੍ਰਾਪਤੀ ਨਹੀਂ, ਸਗੋਂ ਆਪ ਇਕ ਪੁਲਿਟੀਕਲ ਲੀਡਰ ਹਨ। ਹੋਰ ਤਾਂ ਹੋਰ, ਆਪ ਨੇ ਦਾੜ੍ਹਾ ਵੀ ਜਥੇਦਾਰ ਦੀ ਪਦਵੀ ਤੇ ਨਿਯੁਕਤ ਹੋਣ ਮਗਰੋਂ ਹੀ ਪ੍ਰਕਾਸ਼ ਕੀਤਾ ਹੈ। ਸ਼ਰੋਮਣੀ ਕਮੇਟੀ ਦਾ ਇਹ ਫ਼ੈਸਲਾ ਪੁਲਿਟੀਕਲ ਦ੍ਰਿਸ਼ਟੀਕੋਣ ਤੋਂ ਲਿਆ ਜਾਪਦਾ ਹੈ। ਇਸ ਤੋਂ ਪਹਿਲਾਂ ਵੀ ਕਈ ਸਾਲਾਂ ਤੋਂ ਉਚਤਮ ਧਾਰਮਿਕ ਪਦ-ਪਦਵੀਆਂ ਤੇ ਨਿਯੁਕਤੀਆਂ ਕਰਨ ਵਿਚ ਯੋਗਤਾਵਾਂ ਅਤੇ ਮਾਨ-ਮਰਯਾਦਾ ਵਲੋਂ ਅੱਖਾਂ ਮੀਟ ਕੇ ਸਵਾਰਥ ਅਧੀਨ ਜਾਂ ਤਾਂ ਸਿਫ਼ਾਰਸ਼ੀ ਸਜਣ ਨਿਯੁਕਤ ਕੀਤੇ ਜਾਂਦੇ ਰਹੇ ਹਨ, ਜਾਂ ਫਿਰ ਲਾਠੀ ਜ਼ੋਰ ਥਲੇ ਕੁਝ ਸਜਣ ਨਿਯੁਕਤ ਕੀਤੇ ਜਾਂਦੇ ਰਹੇ, ਜਿਨ੍ਹਾਂ ਦਾ ਕੋਈ ਧਾਰਮਿਕ ਪਿਛੋਕੜ ਨਹੀਂ ਸੀ। ਹੁਣ ਖ਼ਬਰ ਛਪੀ ਹੈ ਕਿ ਗਿਆਨੀ ਮੋਹਣ ਸਿੰਘ ਹੋਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਜਥੇਦਾਰ ਨਿਯੁਕਤ ਕੀਤਾ ਗਿਆ ਹੈ।

ਹੁਣ ਇਕ ਹੋਰ ਖ਼ਬਰ ਛਪੀ ਹੈ ਕਿ ਪੰਥਕ ਕਮੇਟੀ ਵਲੋਂ ਸ੍ਰੀ ਅਕਾਲ ਤਖਤ ਦਾ ਜਥੇਦਾਰ ਭਾ: ਗੁਰਬਚਨ ਸਿੰਘ ਮਾਨੋਚਾਹਲ ਨੂੰ ਨਿਯੁਕਤ ਕੀਤਾ ਗਿਆ ਹੈ।

ਸੋ ਸਪਸ਼ਟ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ੋਭਾ-ਸ਼ਕਤੀ ਨੂੰ ਘਟਾਉਣ ਦੇ ਅਸੀਂ ਸਾਰੇ ਆਪ ਜ਼ਿੰਮੇਵਾਰ ਹਾਂ। ਸਿੰਘ ਸਾਹਿਬਾਨ ਨੂੰ ਨਿਯੁਕਤ ਕਰਨ ਜਾਂ ਉਹਨਾਂ ਨੂੰ ਮੁਅਤਲ ਕਰਨ ਜਾਂ ਡਿਸਮਿਸ ਕਰਨ ਦੀ ਨਿਸਚਿਤ ਮਾਨ-ਮਰਯਾਦਾ ਹੈ। ਇਸ ਨੂੰ ਬੱਚਿਆਂ ਦੀ ਖੇਡ ਬਨਾਣਾ ਸਿਆਣਪ ਵਾਲੀ ਗੱਲ ਨਹੀਂ। ਜੇ ਵਖ ਵਖ ਜਥੇਬੰਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਆਪੋ ਆਪਣਾ ਜਥੇਦਾਰ ਥਾਪਣ ਲਗ ਪੈਣ ਤਾਂ ਸੰਸਾਰ ਦੀ ਜਗ-ਹਸਾਈ ਤੋਂ ਸਿਵਾ ਹੋਰ ਇਸ ਵਿਚ ਕੀ ਹੈ ?

ਆਪੋ-ਧਾਪੀ ਵਿਚ ਅਗੇ ਕੌਮ ਦਾ ਕਾਫ਼ੀ ਨੁਕਸਾਨ ਹੋ ਚੁਕਾ ਹੈ। ਗੁਰੂ ਦੇ ਵਾਸਤੇ ਅਸੀਂ ਅਗੇ ਤੋਂ ਸੁਮੱਤ ਲਗੀਏ, ਤੇ ਏਕਤਾ ਅਤੇ ਅਨੁਸ਼ਾਸਨ ਵਲ ਮੁਹਾਰਾਂ ਮੋੜੀਏ।

ਸ੍ਰੀ ਦਰਬਾਰ ਸਾਹਿਬ ਸਮੂਹ ਸਰਕਾਰ ਦੇ ਪ੍ਰਬੰਧ ਹੇਠ ਹੈ। ਸਰਕਾਰ ਦੀ ਨਿਯਤ ਸਾਫ਼ ਨਹੀਂ ਦਿਸਦੀ। ਸਮੂਹ ਦਾ ਪ੍ਰਬੰਧ ਲੈਣ ਲਈ ਸ਼ਰੋਮਣੀ ਗੁ: ਪ੍ਰ: ਕਮੇਟੀ ਨੂੰ ਸਾਰੀਆਂ ਧਾਰਮਿਕ ਜਥੇਬੰਦੀਆਂ ਦੀ ਕਨਵੈਨਸ਼ਨ ਬੁਲਾ ਕੇ ਉਹਨਾਂ ਦੇ ਸਹਿਯੋਗ ਨਾਲ ਸਰਕਾਰ ਤੇ ਦਬਾਅ ਪਾਣਾ ਚਾਹੀਦਾ ਹੈ ?

'ਸੂਰਾ' ਅੰਮ੍ਰਿਤਸਰ, ਜੁਲਾਈ ੧੯੮੮



www.AKJ.Org

# 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

(੧) ਮਨ ਦੀਆਂ ਸੋਚਾਂ ਵਿਚਾਰਾਂ—

ਮੇਰੇ ਸਾਹਮਣੇ ਟਾਈਟਲ ਪੇਜ ਤੋਂ ਬਿਨਾਂ ਇਕ ਟੀਕਾ 'ਸਿਰੀ ਜਪੁਜੀ ਸਾਹਿਬ' ਦਾ ਪਿਆ ਹੈ। ਇਸ ਦੀਆਂ 'ਸੁਣਿਐ' 'ਮੰਨੇ' ਦੀਆਂ ਪਉੜੀਆਂ ਦੇ ਟੀਕੇ ਵਲ ਖਾਸ ਤੌਰ ਤੇ ਮੇਰਾ ਧਿਆਨ ਪਰੇਰਿਆ ਗਿਆ ਹੈ। 'ਸੁਣਿਐ' ਦੀਆਂ ਪਉੜੀਆਂ ਦੇ ਟੀਕੇ ਦੇ ਆਰੰਭਕ ਦੀਬਾਚੇ ਵਿਚ ਏਹ ਇਬਾਰਤ ਆਉਂਦੀ ਹੈ :

> ''ਜਦੋਂ ਆਦਮੀ ਕਿਸੇ ਗੂੜ੍ਹੀ ਸੋਚ ਵਿਚ ਪਿਆ ਹੁੰਦਾ ਹੈ ਤਾਂ ਉਹਨੂੰ ਐਉਂ ਲੱਭਦਾ ਹੈ ਕਿ ਮੇਰੀ ਵਿਚਾਰ-ਸ਼ਕਤੀ ਕਿਤੇ ਫਿਰ ਰਹੀ ਹੈ ਤੇ ਭਾਲ ਕਰ ਰਹੀ ਹੈ......ਫਿਰਦੇ ਫਿਰਦੇ ਕਈ ਚੀਜ਼ਾਂ (ਵਿਚਾਰਾਂ) ਮਨੁਖ ਨੂੰ ਓਥੋਂ ਲਭਦੀਆਂ ਜਾਪਦੀਆਂ ਹਨ, ਫਿਰ ਵਿਚਾਰ ਜ਼ਰਾ ਹੋਰ ਡੂੰਘੀ ਜਾਵੇ ਤਾਂ ਐਉਂ ਜਾਪਦਾ ਹੈ ਕਿ ਹੁਣ ਜੋ ਗੱਲਾਂ ਵਿਚਾਰ ਗੋਚਰੇ ਹੋ ਰਹੀਆਂ ਹਨ ਉਹ ਕੋਈ ਮੈਨੂੰ ਦਸ ਰਿਹਾ ਹੈ ਤੇ ਮੈਂ ਸੁਣ ਰਿਹਾ ਹਾਂ, ਮਨੁੱਖ ਕਿਸੇ ਹੋਰ ਦੂਜੇ ਦੀਆਂ ਗੱਲਾਂ ਸੁਣਦਾ ਮਲੂਮ ਹੁੰਦਾ ਹੈ, ਇਹ ਦੋਨੋਂ ਗੱਲਾਂ ਹਰ ਇਕ ਪੁਰਸ਼ ਪਰਤਾਵਾ ਕਰ ਕੇ ਵੇਖ ਸਕਦਾ ਹੈ। ਇਹ ਤਾਂ ਆਮ ਵਿਚਾਰ ਦੀ ਗੱਲ ਹੈ, ਭਗਤ ਜਨ ਜਦ ਧਿਆਨ ਆਪਣਾ ਅਕਾਲ ਪੁਰਖ ਤੇ ਟਿਕਾ ਕੇ ਸੁੰਦਰਤਾ ਵਿਚ ਲੈ ਹੋ ਜਾਂਦੇ ਹਨ ਅਤੇ ਜਦੋਂ ਇੰਦਰੇ ਹੋਰ ਵਿਸ਼ਿਆਂ ਵਲ ਦੌੜਨੋਂ ਰੁਕ ਜਾਂਦੇ ਹਨ, ਚਿੱਤ ਦੇ ਉਸ ਅਸਥਾਨ ਦਾ ਨਾਉਂ ਦਸਮ ਦੁਆਰ ਯਾ ਗਗਨ ਹੈ। ਜਦੋਂ ਇਸ ਦਸਮ ਦੁਆਰ ਵਿਚ ਜਾਂਦੇ ਹਨ ਤੇ ਜਦ ਨੈਜੋਗ ਅਤੀ ਸਮੀਪੀ ਹੋ ਜਾਂਦਾ ਹੈ, ਜੋ ਕੁਝ ਉਥੋਂ ਉਹ ਸੁਣਦੇ ਹਨ, ਉਹ ਨਾਮ ਦਾ ਸੁਣਨਾ ਹੈ।''

ਇਹ 'ਸੁਣਿਐ' ਦੀਆਂ ਪਉੜੀਆਂ ਦੇ ਟੀਕੇ ਤੋਂ ਪਹਿਲਾਂ ਲਿਖੇ ਮੁਖ-ਬੰਧ ਦਾ ਉਤਾਰਾ ਹੈ। ਇਸ ਦੇ ਅੱਖਰ ਅੱਖਰ ਦੀ ਸੋਧਨਾ ਪਰਬੋਧਨਾ ਕਰਨੀ ਪਰਮ ਲਾਜ਼ਮੀ ਪ੍ਰਤੀਤ ਹੋਈ ਹੈ। ਗੁਰਮਤਿ ਦੇ ਅੱਤ ਉਚੇ ਅਤੇ ਸਰਬੋਤਮ ਸਿਧਾਂਤਾਂ ਨੂੰ ਮਨ ਦੀ ਅਲਪੱਗ ਮੱਤ ਦੀ ਕਸਉਟੀ ਨਾਲ ਵਿਚਾਰਿਆ ਗਿਆ ਹੈ। ਅਲਪੱਗ ਬੁਧੀ ਦੇ ਲੱਖਣ ਲਾ ਕੇ ਹੀ ਗੁਰਮਤਿ ਸਿਧਾਂਤਾਂ ਦੀ ਸਰਬੱਗਤਾ ਉਤੇ ਮਨ-ਮੰਨੀ ਟੀਕਾ-ਗ਼ਨੀ ਕੀਤੀ ਗਈ ਹੈ। ਟੀਕਾਕਾਰ ਜੀ ਨੇ 'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ'' ਰੂਪੀ ''ਜਪੁਜੀ ਸਾਹਿਬ'' ਦੀ ਪੰਗਤੀ ਦਾ ਟੀਕਾ ਕਰਦੇ ਹੋਏ ਖ਼ੁਦ ਹੀ ਲਿਖਿਆ ਹੈ ਕਿ—

> ''ਬ੍ਰਹਮ ਮਨ ਦਾ ਵਿਸ਼ਾ ਹੀ ਨਹੀਂ, ਇਸ ਲਈ ਵਿਚਾਰ ਦੁਆਰਾ ਪੁਰਸ਼ ਉਹਨੂੰ ਵਿਚਾਰ ਵਿਚ ਇਕ ਵਿਚਾਰ ਦਾ ਰੂਪ ਬਣਾ ਕੇ ਨਹੀਂ ਲਿਆ ਸਕਦਾ।''

ਏਹ ਟੀਕਾਕਾਰ ਜੀ ਦੇ ਆਪਣੇ ਲਫ਼ਜ਼ ਹਨ। ਜਦ ਟੀਕਾਕਾਰ ਜੀ ਦੀ ਆਪਣੀ ਲਿਖਤ ਅਨੁਸਾਰ 'ਬ੍ਰਹਮ' ਮਨ ਦੀ ਸੋਚਾ-ਸੋਚੀ-ਵਿਚਾਰ ਦਾ ਵਿਸ਼ਾ ਨਹੀਂ ਹੋ ਸਕਦਾ ਤਾਂ ਬ੍ਰਹਮ ਦਾ ਪ੍ਰਤਿਪਾਦਿਕ ਦਸਮ ਦੁਆਰ ਮਨੋ ਮਈ ਵਿਚਾਰ ਦਾ ਵਿਸ਼ਾ ਕਿਵੇਂ ਬਣ ਸਕਦਾ ਹੈ ? ਅਰਥਾਤ ਨਹੀਂ ਬਣ ਸਕਦਾ। 'ਦਸਮ ਦੁਆਰ' ਦੇ ਉਚ ਪ੍ਰਮਾਰਥੀ ਮੰਡਲਾਂ ਦੇ ਖੰਡ ਨੂੰ ਟੀਕਾਕਾਰ ਜੀ ਨੇ ਮਹਿਜ਼ ਸੋਚਣ ਦਾ ਵਿਸ਼ਾ ਹੀ ਬਣਾਇਆ ਹੈ। ਉਪਰ ਦਿਤੇ ਹਵਾਲੇ ਵਿਚ 'ਸੁਣਿਐ' ਦੀਆਂ ਪਉੜੀਆਂ ਦੀਆਂ ਤਮਹੀਦੀ ਸਤਰਾਂ ਟੀਕਾਕਾਰ ਦੇ ਨਿਰੋਲ ਸੋਚ ਵਿਚਾਰ ਦਾ ਕਿਆਸੀ ਚਮਤਕਾਰ ਹੀ ਸਿਧ ਕਰਦੀਆਂ ਹਨ। ਟੀਕਾਕਾਰ ਜੀ ਲਿਖਦੇ ਹਨ : ''ਜਦ ਆਦਮੀ ਕਿਸੇ ਗੂੜ੍ਹੀ ਸੋਚ ਵਿਚ ਪਿਆ ਹੁੰਦਾ ਹੈ ਤਾਂ ਉਹਨੂੰ ਐਉਂ ਲਗਦਾ ਹੈ ਕਿ ਵਿਚਾਰ ਸ਼ਕਤੀ ਫਿਰ ਰਹੀ ਹੈ ਤੇ ਭਾਲ ਕਰ ਰਹੀ ਹੈ, ਫਿਰਦੇ ਫਿਰਦੇ ਕਈ ਚੀਜ਼ਾਂ (ਵਿਚਾਰਾਂ) ਮਨੁਖ ਨੂੰ ਉਥੋਂ ਲਭਦੀਆਂ ਜਾਪਦੀਆਂ ਹਨ।''

ਇਸ ਦੀ ਪੜਤਾਲ : ਆਦਮੀ ਭਾਵੇਂ ਕਿਤਨੀ ਹੀ ਗੂੜ੍ਹ ਸੋਚ ਵਿਚ ਪੈ ਜਾਵੇ ਤੇ ਏਨ੍ਹਾਂ ਸੋਚਾਂ ਵਿਚ, ਮਨ ਦੀ ਉਕਤੀ ਯੁਕਤੀ ਦੀਆਂ ਸੋਚਾਂ ਵਿਚ ਜੁਗਾਂ ਤੋੜੀ ਹੀ ਡੁਬਿਆ ਰਹੇ, ਉਸ ਨੂੰ ਏਹਨਾਂ ਸੋਚ-ਸੋਚਾਈਆਂ ਦੀਆਂ



www.AKJ.Org

ਡੁਬ-ਡੁਬਾਈਆਂ ਦੁਆਰਾ ਕਿਸੇ ਖ਼ਾਸ ਆਦਰਸ਼ ਨੁਕਤੇ ਦੀ, ਕਿਸੇ ਖ਼ਾਸ ਲੱਭਣ ਯੋਗ ਆਤਮ-ਪਦਾਰਥ ਦੀ ਲਭਤਾ ਨਹੀਂ ਹੋ ਸਕਦੀ, ਕਿਸੇ ਖ਼ਾਸ ਪ੍ਰਮਾਰਥਕ ਔਜ ਦੀ ਉਰਿਆਣ ਪ੍ਰਾਪਤ ਨਹੀਂ ਹੋ ਸਕਦੀ। ਬਸ ! ਉਸ ਨੂੰ ਏਹਨਾਂ ਸੋਚੇ ਸੋਚਕ ਲਭ-ਲਭਾਈਆਂ ਦੁਆਰਾ ਸੋਚ-ਸ਼ਕਤੀ ਦੇ ਕਿਤੇ ਅਵਾਰਾ ਫਿਰਨ ਦੀ ਸੂਝ ਹੀ ਮਿਲੇਗੀ। ਡੂੰਘੀ ਸੋਚ ਦੇ ਸੋਚਣਹਾਰੇ ਨੂੰ ਜੇ ਮਹਿਜ਼ ਏਹੀ ਸੂਝ ਹੋ ਜਾਵੇ ਕਿ ਉਸ ਦੀ ਵਿਚਾਰ-ਸ਼ਕਤੀ ਫਿਰ ਰਹੀ ਹੈ ਤਾਂ ਇਸ ਸੂਝ ਤੋਂ ਉਸ ਨੂੰ ਤੱਤ ਲਾਭ-ਲਾਹਾ ਕੀ ਲਭਿਆ ? ਕੇਵਲ ਏਹੋ ਕਿ ਉਸ ਦੀ ਵਿਚਾਰ-ਸ਼ਕਤੀ ਕਿਤੇ ਫਿਰ ਰਹੀ ਹੈ। ਮਨ ਦੀਆਂ ਸੋਚ-ਵਿਚਾਰਾਂ ਨੇ ਤਾਂ ਆਪਣੀ ਖ਼ਿਆਲੀ ਦੁਨੀਆ ਦੇ ਦਾਇਰੇ ਅੰਦਰ ਹੀ ਘੁੰਮਣਾ ਹੋਇਆ, ਉਸ ਅਲਪੱਗ ਖ਼ਿਆਲਤਾ ਦੇ ਦਾਇਰੇ ਤੋਂ ਵਿਲੱਖਣ ਕਿਸੇ ਉਚ ਅਧਿਆਤਮੀ ਮੰਡਲ ਅੰਦਰ ਇਸ ਦਾ ਗਗਨ ਪਰਵਾਜ਼ੀ ਪ੍ਰਵੇਸ਼ ਨਹੀਂ ਹੋ ਸਕਦਾ। ਏਨਾ ਹੀ ਕਿਆਸ ਅਨੁਮਾਨ ਹੁੰਦਾ ਹੈ ਕਿ : 'ਉਸ ਦੀ ਵਿਚਾਰ ਸ਼ਕਤੀ ਕਿਤੇ ਫਿਰ ਰਹੀ ਹੈ !' ਏਹ ਡੂੰਘੀ ਸੋਚ ਵਿਚਾਰ ਕਰਨ ਵਾਲੇ ਮਨ ਨੂੰ ਯਾ ਮਨ ਦੇ ਮਾਲਕ ਮਨੁੱਖ ਨੂੰ ਕੀ ਨਿਘਾਸ ਦੇ ਸਕਦਾ ਹੈ ? ਓਹ ਤਾਂ ਇਸ ਬਿਧ ਮਨ ਦੇ ਗੇੜੇ ਵਿਚ ਹੀ ਰਿਹਾ। ਮਨ ਦੇ ਕਿਆਸੇ ਕਿਆਸੀ ਫੁਰਨਿਆਂ ਕੁ-ਫੁਰਨਿਆਂ ਦੇ ਉਤਾਰ ਚੜ੍ਹਾਉ ਵਿਚ ਹੀ ਮੁਬਤਲਾ ਰਿਹਾ, ਉਸ ਨੂੰ ਏਹਨਾਂ ਸੋਚਾ-ਸੋਚੀ-ਵਿਚਾਰਾਂ ਦਾ ਤੱਤ ਮਿਆਰੀ ਖ਼ਾਸ ਮੁਦਆ ਮੰਤਵ ਕੀ ਹਾਸਲ ਹੋਇਆ ? ਐਨੀਆਂ ਗੇੜਾ-ਗੇੜੀ-ਸੋਚਾਂ ਸੋਚ ਕੇ ਅਤੇ ਵੇਕਾ ਵੇਕੀ ਸੋਚਾਂ ਸੋਚ ਕੇ ਉਸ ਦੀ ਵਿਚਾਰ-ਸ਼ਕਤੀ ਨੂੰ ਇਹ ਕੁਛ ਲਭਿਆ ਕਿ ਉਸ ਦੀ ਵਿਚਾਰ-ਸ਼ਕਤੀ ਕਿਤੇ ਫਿਰ ਰਹੀ ਹੈ ਅਤੇ ਕੁਛ ਭਾਲ ਰਹੀ ਹੈ, ਲਭਿਆ ਤਾਂ ਕੀ ਲਭਿਆ, ਕੁਝ ਵੀ ਨਾ ! ਐਵੇਂ ਉਖੜੇ ਕੁਹਾੜੇ ਮਾਰਨ ਵਾਲੀ ਗੱਲ ਹੀ ਹੋਈ। ਇਸ ਫੋਕਟ ਭਾਲਾ ਭਾਲੀ ਦਾ ਨਾਉਂ ਅੰਗਰੇਜ਼ੀ ਵਿਚ ਭਾਵੇਂ ਕੁਛ ਹੀ ਰਖੋ, ਉਸ ਦਾ ਤਰਜਮਾ ਓੜਕ ਤੁਸੀਂ 'ਚਿਤ ਦਾ ਮੈਦਾਨ' ਹੀ ਕਰੋਗੇ, ਜੈਸਾ ਕਿ ਟੀਕਾਕਾਰ ਜੀ ਨੇ ਕੀਤਾ ਹੈ। ਏਹ ਚਿੱਤ ਦਾ ਮੈਦਾਨ ਮਹਿਜ਼ ਚਿਤਵਨੀਆਂ ਦਾ ਹੀ ਘਰ ਹੋਇਆ, ਪਏ ਚਿਤਵਨੀਆ ਚਿਤਵੀ ਜਾਉ ਅਤੇ ਚਿਤ ਚਿਤਵਨੀਆਂ ਨੂੰ ਮੁੜ ਘਿੜ ਕੇ ਏਹਨਾਂ ਚਿਤਵਨੀਆਂ ਦੇ ਨਿਜ ਘੜੇ ਹੋਏ ਮੈਦਾਨ ਵਿਚ ਹੀ ਹੇਠਾਂ ਉਤੇ ਘੁਮਾਈ ਕੁਦਾਈ ਫਿਰੋ, ਇਸ ਤੋਂ ਤੱਤ ਵਸਤੂ ਦੀ ਲਖਤਾ ਕੀ ਹੋਵੇਗੀ ? ਕੁਛ ਭੀ ਨਹੀਂ। ਮਨ, ਬੁਧ, ਚਿਤ, ਹੰਕਾਰ ਦੇ ਅੰਤਸ਼ਕਰਨੀ ਮੰਡਲ ਦੀਆਂ ਸੋਚਾਂ ਚਿਤਵਨੀਆਂ ਨੇ ਤਾਂ ਸ਼ੁਸ਼ਕ ਸੋਚ ਅਤੇ ਚਿਤਵਨੀਆਂ ਦੇ ਮੰਡਲੀ ਮੈਦਾਨ ਵਿਚ ਹੀ ਰਹਿਣਾ ਹੈ। ਇਸ ਸੋਚ-ਮੰਡਲੀ ਮੈਦਾਨ ਵਿਚ 'ਫਿਰਦੇ ਫਿਰਦੇ ਕਈ ਚੀਜ਼ਾਂ (ਵਿਚਾਰ) ਮਨੁੱਖ ਨੂੰ ਓਥੋਂ ਲਭਦੀਆਂ ਜਾਪਦੀਆਂ' ਜੋ ਟੀਕਾਕਾਰ ਜੀ ਨੇ ਦਸੀਆਂ ਹਨ, ਓਹ ਚੀਜ਼ਾਂ ਭਲਾ ਹੋਰ ਕੀ ਹਨ ? ਬਸ ! ਵਿਚਾਰਾਂ, ਫੋਕੀਆਂ, ਜੈਸਾ ਕਿ ਉਹ ਆਪ ਹੀ ਬਰੈਕਟ ਪਾ ਕੇ ਦਸ ਗਏ ਹਨ। 'ਨਵੀਨ' ਚੀਜ਼ਾਂ ਤਾ ਕੋਈ ਨ ਲੱਭੀਆਂ। ਆਪਣੇ ਮਨ ਦੇ ਸੰਕਲਪਾਂ ਦੇ ਖ਼ੁਦ-ਸਾਖ਼ਤਾ ਮੰਡਲ (ਮੈਦਾਨ) ਵਿਚੋਂ ਮਨ ਦੀ ਘਾੜਤ ਤੋਂ ਓਪਰੀਆਂ ਯਾ ਉਪਰਲੀਆਂ ਅਜਨਬੀ ਵਿਚਾਰਾਂ ਮਈ ਚੀਜ਼ਾਂ ਹੋਰ ਕੁਛ ਨਹੀਂ ਲੱਭ ਸਕਦੀਆਂ। ਮਨ ਹੰਢਣੇ ਅਲਪੱਗ ਵਿਚਾਰਾਂ ਦੇ ਗੇੜਾਂ ਦੇ ਗੇੜ ਅਤੇ ਢੇਰਾਂ ਦੇ ਢੇਰ ਹੀ ਮੁੜ ਮੁੜ ਲੱਭਣਗੇ।

ਏਦੂੰ ਅਗਾਹਾਂ ਵਿਚਾਰ-ਗਹੀਰ ਟੀਕਾਕਾਰ ਜੀ ਲਿਖਦੇ ਹਨ—"ਫੇਰ ਵਿਚਾਰ ਜ਼ਰਾ ਹੋਰ ਡੂੰਘੀ ਜਾਵੇ ਤਾਂ ਐਉਂ ਜਾਪਦਾ ਹੈ ਕਿ ਹੁਣ ਜੋ ਗੱਲਾਂ ਵਿਚਾਰ ਗੋਚਰੇ ਹੋ ਰਹੀਆਂ ਹਨ, ਓਹ ਕੋਈ ਮੈਨੂੰ ਦਸ ਰਿਹਾ ਹੈ, ਮੈਂ ਸੁਣ ਰਿਹਾ ਹਾਂ, ਮਨੁੱਖ ਕਿਸੇ ਹੋਰ ਦੂਜੇ ਦੀਆਂ ਗੱਲਾਂ ਸੁਣਦਾ ਮਲੂਮ ਹੁੰਦਾ ਹੈ।" ਭਲਾ ਅਗਲੀਆਂ (ਪਿਛੇ ਦਸੀਆਂ) ਡੂੰਘਾਈਆਂ ਤੋਂ ਹੋਰ ਡੂੰਘੀ ਵਿਚਾਰ ਕਿਤਨੀ ਕੁ ਅਗਾਹਾਂ ਜਾਏਗੀ ? ਕਿਤਨੀ ਕੁ ਹੋਰ ਡੂੰਘੀ ਜਾ ਸਕਦੀ ਹੈ ? ਅਤੇ ਕਿਸ ਸ਼ਕਤੀ ਦੇ ਬਲ ਨਾਲ ਜਾ ਸਕਦੀ ਹੈ ? ਓਸ੍ਰੇ ਵਿਚਾਰ-ਸ਼ਕਤੀ ਦੇ ਬਲ ਨਾਲਿ। ਓਹ ਮਨ ਅਤੇ ਓਹ ਵਿਚਾਰ-ਸ਼ਕਤੀ ਵਿਲੱਖਣ ਸ਼ਕਤੀ ਵਾਲੀ ਵਿਚਾਰ ਕਿਥੋਂ ਆਵੇਗੀ ? ਆਪੇ ਹੀ ਉਪਰੋਂ ਉਤਰੇਗੀ ? ਪਰ ਮਨ ਦੀ ਵਿਚਾਰ-ਸ਼ਕਤੀ ਦੇ ਬਲ ਨਾਲ ਜੋ ਕੁਛ ਉਪਰੋਂ ਉਤਰੇਗਾ, ਸੋ ਆਪਣੇ ਹੀ ਮਨ ਮਗਜ਼ ਯਾ ਜ਼ਿਹਨੀ (ਇੰਟਲੈਕਚੂਅਲੀ) ਦਿਮਾਗ ਵਿਚੋਂ ਹੀ ਉਤਰੇਗਾ। ਆਪਣੇ ਹੀ ਦਿਲ ਦਿਮਾਗ ਦੀਆਂ ਡੂੰਘਾਈਆਂ ਅੱਤ ਗਹਿਰੀਆਂ ਤੋਂ ਗਹਿਰੀਆਂ ਗਹਿਰਾਈਆਂ (ਡੂੰਘੀਆਂ ਤੋਂ ਡੂੰਘੀਆਂ ਡੂੰਘਾਈਆਂ) ਵਿਚੋਂ ਜਦ ਜੋ ਕੁਝ ਭੀ ਉਤਰਨੇ (ਨਿਕਲਨੇ) ਹਨ ਤਾਂ ਉਹ ਮਨ ਦੇ ਨਿਜ-ਕਲਪਤ ਖ਼ਿਆਲ (ideas) ਹੀ ਉਤਰਨੇ (ਨਿਕਲਨੇ) ਹਨ। ਵਿਚਾਰ ਦੀਆਂ ਹੋਰ



www.AKJ.Org

ਡੂੰਘੀਆਂ ਉਡਾਰੀਆਂ ਵਿਚ ਪਰਵਾਜ਼ ਕਰ ਕੇ ਓਹ ਜੇਹੜਾ ਮਨ ਪੰਖਣੂ (ਪੰਛੀ) ਉਡਾਰੂ ਨੂੰ ਟੀਕਾਕਾਰ ਦੇ ਲਫ਼ਜ਼ਾਂ ਵਿਚ ਐਉਂ ਜਾਪਦਾ ਹੈ–'ਕਿ ਹੁਣ ਜੋ ਗੱਲਾਂ ਵਿਚਾਰ ਗੋਚਰੇ ਹੋ ਰਹੀਆਂ ਹਨ, ਓਹ ਕੋਈ ਮੈਨੂੰ ਦਸ ਰਿਹਾ ਹੈ, ਜੋ ਮੈਂ ਸੁਣਦਾ ਹਾਂ, ਮਨੁੱਖ ਕਿਸੇ ਹੋਰ ਦੂਜੇ ਦੀਆਂ ਗੱਲਾਂ ਸੁਣਦਾ ਮਲੂਮ ਹੁੰਦਾ ਹੈ' ਏਹ ਉਸ ਦੀਆਂ ਚਿਤ ਬਿਰਤੀਆਂ ਦਾ ਕਿਆਸੀ ਧੂੰਏਂ ਦਾ ਰਚਿਆ ਹੋਇਆ ਪਹਾੜ, ਕੇਵਲ ਭਰਮ ਭੁਲਾਵਾ (mere hallucination) ਹੀ ਹੁੰਦਾ ਹੈ। 'ਜਾਪਦਾ' ਅਤੇ 'ਮਲੂਮ ਹੁੰਦਾ' ਪਦਾਂ ਦਾ ਵਰਤਣਾ ਹੀ ਦਸਦਾ ਹੈ ਕਿ ਐਸਾ ਜਾਪਦਾ ਅਤੇ ਮਲੂਮ ਹੋਣਾ ਐਵੇਂ ਮਨ ਦੇ ਵਿਚਾਰਾਂ ਦੀ ਖ਼ਿਆਲੀ ਦਉੜ ਵਾਲਾ ਖਬਤ ਹੀ ਹੁੰਦਾ ਹੈ, ਭਾਵੇਂ ਕਿੰਨਾ ਹੀ ਡੂੰਘਾ ਕਿਉਂ ਨਾ ਹੋਵੇ। ਜਿੰਨਾ ਡੂੰਘਾ ਖ਼ਿਆਲ ਉਤਨਾ ਹੀ ਡੂੰਘਾ ਖਬਤ ਅਤੇ ਖਬਤੀ ਹੈਲੂਸੀਨੇਸ਼ਨ। ਬਸ ! ਮਨ, ਮਨ ਨਾਲ ਹੀ ਗੱਲਾਂ ਕਰਦਾ ਹੁੰਦਾ ਹੈ। ਖ਼ਿਆਲ ਖਬਤ ਦੁਆਰਾ ਆਪੇ ਕੀਤੀਆਂ ਆਪਣੀਆਂ ਗੱਲਾਂ ਹੀ ਆਪ ਸੁਣਦਾ ਹੈ। ਵਿਚਾਰ ਗੋਚਰੇ ਹੋ ਰਹੀਆਂ ਗੱਲਾਂ ਆਪੋਂ ਥੋੜ੍ਹੋ ਹੋ ਰਹੀਆਂ ਹੁੰਦੀਆਂ ਹਨ, ਯਾ ਹੋਰ ਉਪਰੋਂ ਥੋੜ੍ਹੋ ਉਤਰ ਰਹੀਆਂ ਹੁੰਦੀਆਂ ਹਨ ਯਾ ਹੋਰ ਕੋਈ ਥੋੜ੍ਹੋ ਕਰ ਰਹਿਆ ਹੁੰਦਾ ਹੈ। ਜਿਸ ਮਨ ਨੇ ਹੀ ਮੁਢ ਵਿਚ ਵਿਚਾਰ ਦਾ ਛੇੜ ਛੇੜਿਆ ਸੀ, ਓਹੋ ਮਨ ਮੁੜ ਮੁੜ ਆਪਣੀਆਂ ਵਿਚਾਰਾਂ ਵਿਚਾਰ ਗੋਚਰੇ ਕਰ ਰਿਹਾ ਹੁੰਦਾ ਹੈ ਅਤੇ ਓਹੋ ਹੀ ਵਿਚਾਰਾਂ ਨੂੰ ਸੁਣ ਰਿਹਾ ਹੁੰਦਾ ਹੈ। ਮਨ ਆਪਣੇ ਦਾਇਰੇ ਤੋਂ ਅਗੋਚਰ ਗੱਲਾਂ ਨਹੀਂ ਕਰ ਸਕਦਾ, ਨਾ ਸੁਣ ਸਕਦਾ ਹੈ। ਅਤੇ ਹੋਰ ਕਿਸੇ ਦੂਜੇ ਦੀ ਮਜਾਲ ਨਹੀਂ ਕਿ ਮਨ ਦੇ ਮੰਡਲ ਵਿਚ ਵੜ ਸਕੇ, ਜਦੋਂ ਕਿ ਇਕ ਇਕੱਲਾ ਓਹ ਆਪੋਂ ਆਪ ਹੀ ਵਿਚਾਰ ਕਰ ਰਿਹਾ ਹੁੰਦਾ ਹੈ। ਦੂਜੇ ਤਾਂ ਕਿਸੇ ਨਾਲ ਵਿਚਾਰ ਹੀ ਨਹੀਂ ਹੋ ਰਹੀ ਹੁੰਦੀ, ਏਹ ਤਾਂ ਓਹ ਪਹਿਲਾਂ ਹੀ ਲਿਖ ਚੁਕੇ ਹਨ ਕਿ ਉਸ ਸੋਚ ਵਿਚਾਰ ਦਾ ਵਰਨਣ ਹੋ ਰਿਹਾ ਹੈ--'ਜਦੋਂ ਕਿ ਆਦਮੀ ਕਿਸੇ ਗੂੜ੍ਹੀ ਸੋਚ ਵਿਚ ਪਿਆ ਹੁੰਦਾ ਹੈ।' ਸੋ ਓਥੇ ਆਪ ਤੋਂ ਬਾਹਰੀ ਕਿਸੇ ਹੋਰ ਵਿਚਾਰ-ਸ਼ਕਤੀ ਯਾ ਆਪ ਤੋਂ ਛੁਟ ਹੋਰ ਕਿਸੇ ਵਿਚਾਰਵਾਨ ਨਾਲ ਵਿਚਾਰਾਂ ਦਾ ਵਟਾਂਦਰਾ ਹੀ ਨਹੀਂ ਹੋ ਰਿਹਾ ਹੁੰਦਾ, ਤਾਂ ਏਹ ਗੱਲ ਕਿਵੇਂ ਸਿਧ ਹੋ ਸਕਦੀ ਹੈ ਕਿ ਮਨੁੱਖ ਕਿਸੇ ਹੋਰ ਦੂਜੇ ਦੀਆਂ ਗੱਲਾਂ ਸੁਣ ਸਕਦਾ ਹੈ। ਹਾਂ 'ਸੁਣਦਾ ਮਲੂਮ ਹੁੰਦਾ' ਵਾਲਾ ਹੈਲੂਸੀਨੇਸ਼ਨ (ਭਰਮ ਭੁਲਾਵਾ) ਜ਼ਰੂਰ ਵਰਤਦਾ ਹੋਊ। ਜੈਸਾ ਕਿ ਕੰਨਾਂ ਵਿਚ ਉਂਗਲਾਂ ਦੇ ਕੇ ਘੂੰ ਘੂੰ ਹੁੰਦੀ ਸੁਣੀਦੀ ਅਵਾਜ਼ ਨੂੰ ਹੈਲੂਸੀਨੇਸ਼ਨੀਏ ਆਦਮੀ (ਰਾਧਾ ਸੁਆਮੀ ਆਦਿਕ) ਅਨਹਦ ਸ਼ਬਦ ਸੁਣਦੇ ਹੀ ਦਸਣ ਲਗ ਪੈਂਦੇ ਹਨ। ਸੁਣਦਾ ਉਹਨਾਂ ਨੂੰ ਕੁਛ ਨਹੀਂ। ਸੋਈ ਚਕਮਾ ਏਹਨਾਂ ਮੈਡੀਟੇਟਰਾਂ (ਸੋਚਕਾਂ) ਦਾ ਮਨ ਏਹਨਾਂ ਨੂੰ ਦਿੰਦਾ ਹੈ। ਏਹਨਾਂ ਹੈਲੂਸੀਨੇਟਰੀ ਗੱਲਾਂ ਦੇ ਪਰਤਾਵਾ ਕਰ ਕੇ ਵੇਖਣ ਦੀ ਕੀ ਲੋੜ ਹੈ ? ਏਸ ਆਪ-ਹੁਦਰੇ ਮਨ ਮਗੋਜ਼ੋਲੇ ਮੈਡੀਟੇਸ਼ਨ ਨੂੰ ਕਰ ਕਰ ਅਨੇਕਾਂ ਯੋਗੀ, ਜਪੀ, ਤਪੀ, ਰਿਸ਼ੀ, ਮੁਨੀ ਹਾਰ ਹੰਭ ਚੁਕੇ ਹਨ। ਉਹਨਾਂ ਦਾ ਬਣਿਆ ਕੁਛ ਨਹੀਂ। ਇਸ ਥੋਂ ਸਰਿਆ ਕੁਛ ਨਹੀਂ। ਮਨ-ਮੈਡੀਟੇਸ਼ਨੇ-ਯੋਗ ਅਤੇ ਬੇਦ ਪੁਰਾਨ ਦੇ ਜਪ, ਤਪ, ਸੰਜਮ ਆਦਿਕ ਪਰਕਾਰ ਦੇ ਮਨ-ਉਕਤ ਸਮਾਧੀਆਂ ਲਾਉਣ ਵਾਲੇ ਉਪਾਉ ਤਰਲੇ ਨਾਮ ਦੀ ਟੇਕ ਤੋਂ ਬਿਹੂਣ ਸਭ ਬਿਰਥੇ ਹੀ ਹਨ, ਯਥਾ ਸਿਰੀ ਦਸਮੇਸ਼ ਵਾਕ : ਬੇਦ ਪੁਰਾਨ ਕਤੇਬ ਕੁਰਾਨ ਅਭੇਦ ਨ੍ਰਿਪਾਨ ਸਭੈ ਪਚਿ ਹਾਰੇ।

ਭੇਦ ਨ ਪਾਇ ਸਕਿਓ ਅਨਭੇਦ ਕੋ ਖੇਦਤ ਹੈ ਅਨਛੇਦ ਪੁਕਾਰੇ ॥ ..॥੯॥੨੫੧॥

ਅਕਾਲ ਉਸਤਤਿ, ਤ੍ਵਪ੍ਰਸਾਦਿ ਸ੍ਵਯੇ, ਪਾ: ੧੦

ਤਥਾ—ਜੱਛ ਭੁਜੰਗ ਸੁ ਦਾਨਵ ਦੇਵ ਅਭੇਵ ਤੁਮੈ ਸਭ ਹੀ ਕਰ ਧਿਆਵੈ ॥
ਭੂਮ ਅਕਾਸ ਪਤਾਲ ਰਸਾਤਲ ਜੱਛ ਭੁਜੰਗ ਸਭੈ ਸਿਰ ਨਿਆਵੈ ॥
ਪਾਇ ਸਕੈ ਨਹੀ ਪਾਰ ਪ੍ਰਭਾਹੂ ਕੋ ਨੇਤ ਹੀ ਨੇਤਹ ਭੇਦ ਬਤਾਵੈ ॥
ਖੋਜ ਥਕੇ ਸਭ ਹੀ ਖੁਜੀਆ ਸੁਰ ਹਾਰ ਪਰੇ ਹਰਿ ਹਾਥ ਨਾ ਆਵੈ ॥੭॥
ਨਾਰਦ ਸੇ ਚਤੁਰਾਨਨ ਸੇ ਰੁਮਨਾ ਰਿਖ ਸੇ ਸਭ ਹੂੰ ਮਿਲਿ ਗਾਇਓ ॥
ਬੇਦ ਕਤੇਬ ਨ ਭੇਦ ਲਖਿਓ ਸਭ ਹਾਰਿ ਪਰੇ ਹਰਿ ਹਾਥ ਨ ਆਇਓ ॥੮॥੨੫੦॥

ਤ੍ਵਪ੍ਰਸਾਦਿ ਸ੍ਵਯੇ, ਪਾ: ੧੦, ਅਕਾਲ ਉਸਤਤਿ



www.AKJ.Org

ਬੇਦ ਕਤੇਬ ਨਾ ਭੇਦ ਲਹਿਯੋ ਤਿਹਿ ਸਿਧ ਸਮਾਧਿ ਸਬੈ ਕਰਿ ਹਾਰੈ ॥
ਸਿੰਮ੍ਰਿਤ ਸਾਸਤ੍ਰ ਬੇਦ ਸਬੈ ਬਹੁ ਭਾਂਤਿ ਪੁਰਾਨ ਬੀਚਾਰ ਬੀਚਾਰੇ ॥...॥੧੦॥
ਤੇਤੀ ਸਵਯੇ, ਪਾ: ੧੦

ਸੋਧ ਹਾਰੇ ਦੇਵਤਾ ਬਿਰੋਧ ਹਾਰੇ ਦਾਨੋ ਬਡੇ, ਬੋਧ ਹਾਰੇ ਬੋਧਕ ਪ੍ਰਬੋਧ ਹਾਰੇ ਜਾਪਸੀ ॥
ਘਸ ਹਾਰੇ ਚੰਦਨ ਲਗਾਇ ਹਾਰੇ ਚੋਆ ਚਾਰ, ਪੂਜ ਹਾਰੇ ਪਾਹਨ ਚਢਾਇ ਹਾਰੇ ਲਾਪਸੀ ॥
ਗਾਹ ਹਾਰੇ ਗੋਰਨ ਮਨਾਇ ਹਾਰੇ ਮੜੀ ਮਟ, ਲੀਪ ਹਾਰੇ ਭੀਤਨ ਲਗਾਇ ਹਾਰੇ ਛਾਪਸੀ ॥
ਗਾਇ ਹਾਰੇ ਗੰਧ੍ਰਬ ਬਜਾਇ ਹਾਰੇ ਕਿੰਨਰ ਸਭ, ਪਚ ਹਾਰੇ ਪੰਡਿਤ ਤਪੰਤ ਹਾਰੇ ਤਾਪਸੀ ॥੨੦॥੯੦॥
ਅਕਾਲ ਉਸਤਤਿ, ਕਬਿੱਤ, ਪਾ: ੧੦

## (੨) ਅਕਾਲ ਪੁਰਖ ਪਰ ਧਿਆਨ ਦਾ ਟਿਕਣਾ—

ਇਸ ਮਨ-ਉਕਤ ਮੈਡੀਟੇਸ਼ਨ ਦੁਆਰਾ ਅਕਾਲ ਪੁਰਖ ਤੇ ਧਿਆਨ ਟਿਕ ਹੀ ਨਹੀਂ ਸਕਦਾ। ਪਰ ਸਾਡੇ ਟੀਕਾਕਾਰ ਐਵੇਂ ਹੀ ਆਪਣੀ ਫ਼ਰਜ਼ੀ ਦਲੀਲ ਕਾਇਮ ਕਰ ਲੈਂਦੇ ਹਨ :

"ਭਗਤ ਜਨ ਜਦ ਧਿਆਨ ਆਪਣਾ ਅਕਾਲ ਪੁਰਖ ਤੇ ਟਿਕਾ ਕੇ ਸੁੰਦਰਤਾ ਵਿਚ ਲੈ ਹੋ ਜਾਂਦੇ ਹਨ ਤੇ ਇੰਦਰੇ ਹੋਰ ਵਿਸ਼ਿਆਂ ਵਲ ਦੌੜਨੋਂ ਹਟ ਜਾਂਦੇ ਹਨ, ਚਿਤ ਦੇ ਉਸ ਅਸਥਾਨ ਦਾ ਨਾਉਂ ਦਸਮ ਦੁਆਰ ਯਾ ਗਗਨ ਹੈ। ਜਦੋਂ ਭਗਤ ਜਨ ਇਸ ਦਸਮ ਦੁਆਰ ਵਿਚ ਜਾਂਦੇ ਹਨ ਤੇ ਜਦ ਨੈਜੋਗ ਅਤੀ ਸਮੀਪੀ ਹੋ ਜਾਂਦਾ ਹੈ, ਜੋ ਕੁਛ ਓਥੋਂ ਉਹ ਸੁਣਦੇ ਹਨ, ਓਹ ਨਾਮ ਦਾ ਸੁਣਨਾ ਹੈ।"

ਨਾਮ ਅਭਿਆਸ ਦੀ ਕਮਾਈ ਰੂਪੀ ਸਹਾਇਤਾ ਬਿਨਾਂ ਫੋਕਾ ਯੋਗ ਗਿਆਨ ਧਿਆਨ ਕਿਸੇ ਲੇਖੇ ਨਹੀਂ। ਨਾ ਹੀ ਇਸ ਬਿਧ ਲਿਵ ਲਗ ਸਕਦੀ ਹੈ, ਨਾ ਹੀ ਸਮਾਧੀ ਜੁੜ ਸਕਦੀ ਹੈ ਅਤੇ ਨਾ ਹੀ ਨਾਮ ਅਭਿਆਸ ਰੂਪੀ ਅਤੁਟ ਭਗਤਿ-ਕਮਾਈ ਬਿਹੂਣ ਦਸਮ ਦੁਆਰ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਨਾ ਹੀ ਮਨ ਦੇ ਇੰਦਰੇ ਵਿਸ਼ਿਆਂ ਵਲ ਧਾਵਣੋਂ ਰੁਕ ਸਕਦੇ ਹਨ। ਅਕਾਲ ਪੁਰਖ ਉਪਰ ਧਿਆਨ ਤਾਂ ਕੀ ਟਿਕ ਸਕਣਾ ਸੀ ? ਅਤੇ ਸਮੀਪੀ ਨੈਜੋਗ ਤਾਂ ਕੀ ਪ੍ਰਾਪਤ ਹੋ ਸਕਣਾ ਸੀ ? ਜੇ ਆਪੇਂ ਹੀ ਮਨ-ਉਕਤ ਧਿਆਨ-ਸਮਾਧੀਆਂ ਦੁਆਰਾ ਇੰਦਰੇ ਵਿਸ਼ਿਆਂ ਵਲੋਂ ਦੌੜਨੋਂ ਰੁਕ ਜਾਣ, ਜੇ ਮਨ-ਉਕਤੀ ਮੈਡੀਟੇਸ਼ਨ ਦੁਆਰਾ ਆਪੇਂ ਹੀ ਧਿਆਨ ਲਿਵਤਾਰਾਂ ਜੁੜ ਜਾਣ ਅਤੇ ਦਸਮ ਦੁਆਰ ਦੀ ਪ੍ਰਾਪਤੀ ਇਸ ਮੈਡੀਟੇਸ਼ਨੀ ਮਨ-ਉਕਤ ਸੋਚ ਵਿਚਾਰ ਦੀਆਂ ਡੂੰਘਾਈਆਂ ਤੇ ਡੂੰਘੀਆਂ ਉਡਾਰੀਆਂ ਦੁਆਰਾ ਮੁਮਕਿਨ ਹੋ ਸਕੇ ਤਾਂ ਫੇਰ ਨਾਮ ਜਪਣ ਦੀ ਲੋੜ ਹੀ ਕੀ ਰਹਿ ਗਈ ? ਪਰੰਤੂ ਸਮੱਗਰ ਗੁਰਬਾਣੀ ਨੇ ਗੁਰਮਤਿ ਜਗਿਆਸੂ ਨੂੰ ਏਹੋ ਦ੍ਰਿੜ੍ਹਾਇਆ ਹੈ ਕਿ ਨਾਮ ਅਭਿਆਸ ਕਮਾਈ ਬਿਨਾਂ,ਨਾ ਹੀ ਇੰਦਰੇ ਦਮਨ ਹੋ ਸਕਦੇ ਹਨ,ਨਾ ਹੀ ਦਸਮ ਦੁਆਰ (ਗਗਨ) ਪ੍ਰਾਪਤ ਹੋ ਸਕਦਾ ਹੈ, ਨਾ ਹੀ ਅਕਾਲ ਪੁਰਖ ਦੇ ਸਮੀਪੀ ਦਰਸ਼ਨ ਮੇਲੇ ਸੰਭਵ ਹੋ ਸਕਦੇ ਹਨ। ਨਾਮ ਦੀ ਕਮਾਈ ਦੁਆਰਾ ਹੀ ਨਾਮੀ ਅਕਾਲ ਪੁਰਖ ਦੀ ਦਰਸ਼ਨ-ਪ੍ਰਾਪਤੀ ਹੋਣੀ ਸੰਭਵ ਹੈ, ਪਰ ਟੀਕਾਕਾਰ ਜੀ ਦੀ ਉਕਤ ਜੁਗਤੀ ਫ਼ਿਲਾਸਫ਼ੀ ਇਸ ਨਾਮ ਦੀ ਸੂੰਧਕ ਓਦੋਂ ਸੁਣਾਉਂਦੀ ਹੈ ਜਦੋਂ ਕਿ ਪ੍ਰਾਪਤੀ ਹੋ ਚੁਕੀ ਹੋਵੇ। ਇਸ ਟੀਕਾਕਾਰ ਦੀ ਫ਼ਿਲਾਸਫ਼ੀ ਗੁਰਮਤਿ ਨਾਮ ਦੀਆਂ ਅਭਿਆਸ ਕਮਾਈਆਂ ਵਾਲਾ ਗੁਰਮਤਿ ਆਦਰਸ਼ੀ ਅਸੂਲ ਉੱਕਾ ਹੀ ਨਹੀਂ ਮੰਨਦੀ ਅਤੇ ਮਨ-ਉਕਤ ਮੈਡੀਟੇਸ਼ਨੀ ਭਗਤਿ ਦਾ ਪ੍ਰਤਿਪਾਦਨ ਕਰਦੀ ਕਰਾਉਂਦੀ ਹੈ, ਜੋ ਗੁਰਮਤਿ ਦੇ ਬਿਲਕੁਲ ਉਲਟ ਹੈ। ਗੁਰਮਤਿ ਕਸਉਟੀ ਦੁਆਰਾ ਮਨ-ਉਕਤ ਸੋਚ ਵਿਚਾਰ ਮਈ ਮੈਡੀਟੇਸ਼ਨੀ ਭਗਤੀਆਂ ਦਾ ਗੁਰਮਤਿ ਅੰਦਰ ਉੱਕਾ ਹੀ ਵਿਧਾਨ ਨਹੀਂ। ਟੀਕਾਕਾਰ ਜੀ ਦੀ ਪਿਛੇ ਦਸੀ ਲਿਖਤ ਅਨੁਸਾਰ ਪਰਮਾਰਥ-ਪਾਧੀ ਦੇ ਜਗਿਆਸੂ ਨੂੰ ਅਭਿਆਸ ਰੂਪੀ ਭਗਤਿ-ਕਮਾਈ ਕਰਨ ਦੀ ਉੱਕੀ ਹੀ ਲੋੜ ਨਹੀਂ। ਉਹ ਮਹਿਜ਼ ਅਨਮਤੀ ਅਤੇ ਵਿਸ਼ੇਸ਼ ਕਰ ਯੋਗ ਸ਼ਾਸਤਰ ਮਈ ਉਕਤੀਆਂ ਯੁਕਤੀਆਂ ਵਾਲੇ ਮੈਡੀਟੇਸ਼ਨ ਦੀਆਂ ਖਲਜਗਣ-ਕਮਾਈਆਂ ਗੁਰਮਤਿ ਜਗਿਆਸੂ ਲਈ ਜ਼ਰੂਰੀ ਸਮਝਦੇ ਪ੍ਰਤੀਤ ਹੁੰਦੇ ਹਨ।

(ਚਲਦਾ) ["ਗੁਰਮਤਿ ਨਾਮ ਅਭਿਆਸ ਕਮਾਈ" ਪੁਸਤਕ ਵਿਚੋਂ



www.AKJ.Org

# ਬਾਬਾ ਰਾਮ ਸਿੰਘ ਅਤੇ ਮਾਈ ਪ੍ਰੇਮ ਕੌਰ ਜੀ

## ਗੁਰੂ ਕੇ ਲੰਗਰ ਵਿਚ ਇਲਾਹੀ ਕਲਾ ਦਾ ਵਰਤਾਰਾ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਇਹ ਦੋਵੇਂ ਗੁਰਮੁਖ ਪਿਆਰੜੀਆਂ ਰੂਹੜੀਆਂ ਜਿੰਦੜੀਆਂ ਪਿੰਡ ਫੱਲੇਵਾਲ ਦੇ ਵਸਨੀਕ ਸਨ, ਜੋ ਨਾਰੰਗਵਾਲ ਤੋਂ ਤਿੰਨ ਮੀਲ ਦੇ ਫ਼ਾਸਲੇ ਤੇ ਦਖਣ ਵਲ ਹੈ। ਸ੍ਰੀ ਬਾਬਾ ਰਾਮ ਸਿੰਘ ਜੀ ਫੌਜ ਵਿਚ ਮੁਲਾਜ਼ਮ ਸਨ। ੩੩ ਸਾਲ ਦੀ ਉਮਰ ਵਿਚ ਮੁਲਾਜ਼ਮਤ ਛਡ ਆਏ। ਉਨ੍ਹਾਂ ਨੂੰ ਮੁਢ ਤੋਂ ਹੀ ਪ੍ਰਮਾਰਥ ਦਾ ਪ੍ਰੇਮ-ਬੈਰਾਗ ਬੜੀ ਪ੍ਰਬਲ ਦਸ਼ਾ ਵਿਚ ਰਹਿੰਦਾ ਸੀ। ਚਿਰ ਤੋਂ ਇਨ੍ਹਾਂ ਦਾ ਖ਼ਿਆਲ ਸੀ ਕਿ ਕਿਸੇ ਨਾਮ ਬਾਣੀ ਦੇ ਰਸੀਏ, ਗੁਰਮੁਖ ਪੰਜਾਂ ਪਿਆਰਿਆਂ ਦੇ ਜਥੇ ਤੋਂ, ਜੋ ਗੁਰਮਤਿ ਰਹਿਣੀ ਬਹਿਣੀ ਦੇ ਪੂਰੇ ਸੂਰੇ ਹੋਣ, ਅੰਮ੍ਰਿਤ ਪਾਨ ਕੀਤਾ ਜਾਵੇ ਅਤੇ ਗੁਰਮਤਿ ਗੁਰ-ਦੀਖਿਆ ਲੈ ਕੇ ਅਭਿਆਸ ਵਿਚ ਹਮਾਤਨ ਹੋ ਕੇ ਜੁਟਿਆ ਜਾਵੇ। ਮੁਲਾਜ਼ਮਤ ਛਡਣ ਤੋਂ ਕੁਝ ਦਿਨ ਪਹਿਲਾਂ ਇਨ੍ਹਾਂ ਨੂੰ ਸੁਪਨ ਸਾਰਖਾ ਚਮਤਕਾਰ (vision) ਹੋਇਆ ਕਿ 'ਜਿਸ ਲੋਚਾ ਨੂੰ ਤੁਸੀਂ ਲੋਚਦੇ ਹੋ, ਉਹ ਤੁਹਾਡੀ ਲੋਚਾ ਨਿਰਬਾਣ ਕੀਰਤਨੀ, ਨਾਮ ਅਭਿਆਸੀ ਜਥੇ ਵਿਚ ਪੂਰੀ ਹੋਵੇਗੀ। ਉਥੇ ਖ਼ੂਬ ਗਹਿਗਹੇ ਰੰਗ ਦੜ੍ਹਨਗੇ। ਉਥੇ ਜਾਓ! ਖ਼ੂਬ ਸੇਵ ਕਮਾਓ!! ਜਥੇ ਵਿਚ ਰਲ ਕੇ ਘੁਲ ਮਿਲ ਘਿਚ ਹੋ ਜਾਓ।'

ਸ੍ਰੀ ਬਾਬਾ ਰਾਮ ਸਿੰਘ ਜੀ ਨੂੰ ਇਸ ਚਮਤਕਾਰਕ ਖੇਡ ਦਾ ਵਰਤਣਾ ਹੀ ਸੀ ਕਿ ਇਹ ਫ਼ੌਰਨ ਸਰਕਾਰੀ ਨੌਕਰੀ ਨੂੰ ਤਲਾਂਜਲੀ ਦੇ ਕੇ ਘਰ ਆ ਗਏ। ਘਰ ਵੀ ਇਹ ਪਿੰਡ ਵਿਚ ਗੁਜ਼ਾਰੇ ਜੋਗੀ ਜ਼ਮੀਨ ਦੇ ਮਾਲਕ ਸਨ। ਇਨ੍ਹਾਂ ਦੀ ਇਕੋ ਇਕ ਪਤਨੀ ਹੀ ਇਨ੍ਹਾਂ ਦਾ ਪਰਵਾਰ ਸੀ। ਪਤਨੀ ਬੜੀ ਆਗਿਆਕਾਰ ਸੀ। ਦੋਵਾਂ ਨੇ ਪ੍ਰਸਪਰ ਸਹਿਮਤ ਹੋ ਕੇ ਜਹਾਜ਼ੇ ਚੜ੍ਹਨਾ ਮਿਥ ਲਿਆ। ਸੋ ਸ਼ੁਭ ਅਵਸਰ ਜੁੜਨ ਪਰ, ਇਨ੍ਹਾਂ ਦੋਹਾਂ ਨੇ ਖੰਡੇ ਦਾ ਅੰਮ੍ਰਿਤ ਛਕ ਲਿਆ। ਸ੍ਰੀ ਬਾਬਾ ਰਾਮ ਸਿੰਘ ਦਾ ਨਾਉਂ ਤਾਂ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਰਖਿਆ ਹੋਇਆ ਸੀ, ਇਸ ਲਈ ਇਨ੍ਹਾਂ ਦਾ ਨਾਉਂ ਇਹੀ ਰਹਿਆ। ਇਨ੍ਹਾਂ ਦੀ ਪਤਨੀ ਦਾ ਨਾਉਂ ਮਾਈ ਪ੍ਰੇਮ ਕੌਰ ਹੋ ਗਿਆ! ਫੇਰ ਆਯੂ ਪ੍ਰਜੰਤ ਮਾਈ ਪ੍ਰੇਮ ਕੌਰ ਨਾਮ ਨਾਲ ਪ੍ਰਸਿਧ ਰਹੇ। ਅਸੂਲਾਂ ਅਨੁਸਾਰ ਇਨ੍ਹਾਂ ਦੇ ਫੇਰੇ ਘੇਰੇ ਉਧੇੜ ਕੇ ਗੁਰਮਤਿ ਅਨੁਸਾਰ ਪੁਨਰ ਆਨੰਦ ਵਿਵਾਹ ਦੋਹਾਂ ਦਾ ਕੀਤਾ ਗਿਆ। ਇਸ ਸਮੇਂ ਤੋਂ ਲੈ ਕੇ ਇਹ ਦੰਪਤਿ ਜੋੜੀ ਸੰਗਤਾਂ ਦੀ ਸੇਵਾ-ਭਾਵ ਅਨੰਦ ਵਿਚ ਸਦੀਵੀ ਹੀ ਤਤਪਰ ਰਹੀ। ਨਾਮ ਜਪਣ, ਹੱਥੀਂ ਸੇਵਾ ਕਰਨ, ਵੰਡ ਛਕਣ, ਲੰਗਰ ਚਲਾਉਣ ਵਿਚ, ਇਹ ਜੋੜੀ ਆਪਣੀ ਮਿਸਾਲ ਆਪ ਹੀ ਸਨ। ਦੋਹਾਂ ਦਾ ਸ਼ਾਂਤ ਸਤੋ ਗੁਣੀ ਸੁਭਾਵ,ਸਤ ਸੰਤੋਖ ਵਿਚ ਨਿਪੁੰਨ। ਪੂਰੀ ਭਾਉ-ਭਾਵਨੀ ਸਹਿਤ ਸੰਗਤਾਂ ਦੀ ਹੱਥੀਂ ਸੇਵਾ ਕਰਨ ਵਿਚ ਆਯੂ ਪ੍ਰਜੰਤ ਜੁਟੇ ਰਹੇ। ਕਦੇ ਅੱਕਣ ਨਹੀਂ, ਕਦੇ ਥੱਕਣ ਨਹੀਂ। ਸੀਲ ਸੁਭਾਵ ਐਸਾ ਕਿ ਸਭਨਾਂ ਦੇ ਬੋਲ ਕਬੋਲ ਝਲਣੇ, ਅਗੋਂ ਉਫ ਨਹੀਂ ਕਰਨੀ। ਬਰਸਾਂ ਬਧੀ ਅਖੰਡਪਾਠ ਸਮਾਗਮਾਂ ਤੇ ਅਤੁਟ ਲੰਗਰ ਸਜਾਉਣਾ, ਵਰਤਾਉਣਾ, ਸੰਗਤਾਂ ਨੂੰ ਛਕਾਉਣਾ ਇਨ੍ਹਾਂ ਦਾ ਪ੍ਰੇਮ-ਭੂਸ਼ਨੀ-ਆਹਰ ਰਿਹਾ। ਕਦੇ ਵੀ ਲੰਗਰ ਵਿਚ ਤੋਟ ਨਾ ਆਈ, ਚਾਹੇ ਕਿਤਨੀਆਂ ਸੰਗਤਾਂ ਫੌਜਾਂ ਆ ਕੇ ਗਫੇ ਲਾਵਣ। ਇਨ੍ਹਾਂ ਦੇ ਨਿਮਰੀ ਸੁਭਾਵ ਦਾ ਸਦਕਾ ਛਕਣਹਾਰਿਆਂ ਦੇ ਅੰਦਰ ਇਕ ਅਕਰਖਣ ਸ਼ਕਤੀ ਨਾਲ ਨਿਮ੍ਰਤਾ ਪਰਵੇਸ਼ ਹੋ ਜਾਂਦੀ ਸੀ। ਅੰਮ੍ਰਿਤ ਬਚਨ ਵਾਲਿਆਂ ਦੇ ਹੱਥੋਂ ਅੰਮ੍ਰਿਤ ਭੋਜਨ ਛਕਣ ਦਾ ਅੰਮ੍ਰਿਤੀ ਪ੍ਰਭਾਵ ਹੀ ਪ੍ਰਭਾਵਤ ਹੁੰਦਾ ਰਿਹਾ। ਇਕ ਛਿਨ ਵੀ ਇਨ੍ਹਾਂ ਦੀ ਨਾਮ-ਅਭਿਆਸ ਸਿਮਰਨ ਤੋਂ ਖ਼ਾਲੀ ਨਹੀਂ ਜਾਂਦੀ ਸੀ। ਲੰਗਰ ਦੀ ਸੇਵਾ ਨਿਭਾਉਂਦੇ ਹੋਏ, ਨਾਲ ਨਾਲ ਨਾਮ ਦਾ ਖੰਡਾ ਵੀ ਖੜਕਾਉਂਦੇ ਰਹਿੰਦੇ ਸਨ। ਕਈ ਸਮੇਂ ਐਸੇ ਦੇਖੇ ਗਏ ਕਿ ਲੰਗਰ ਵਿਚ ਬੈਠੇ ਬਿਠਾਇਆਂ ਇਨ੍ਹਾਂ ਨੇ ਸਮਾਧ-ਸਥਿਤ ਹੋ ਜਾਣਾ। ਹਮੇਸ਼ਾ ਖ਼ਾਸ ਖ਼ਿਆਲ ਰਖ ਕੇ ਅਖੰਡ ਪਾਠ ਤੇ ਅਖੰਡ ਕੀਰਤਨ ਮੰਡਲ ਦੇ ਨਿਕਟ ਹੀ ਇਨ੍ਹਾਂ ਦਾ ਲੰਗਰ-ਅਸਥਾਨ ਹੋਇਆ ਕਰਦਾ ਸੀ। 'ਅੰਮ੍ਰਿਤ ਬਾਣੀ' ਸੇਵਾ ਕਰਦਿਆਂ ਹੋਇਆਂ ਇਨ੍ਹਾਂ ਦੀ ਕੰਨੀਂ ਪੈਂਦੀ ਰਹਿਣੀ,ਜਿਸ ਕਰਕੇ ਅੰਮ੍ਰਿਤ ਕਲਾ ਐਸੀ ਵਰਤਣੀ ਕਿ ਇਨ੍ਹਾਂ ਦੇ ਅੰਮ੍ਰਿਤ ਬੁਰੱਕੜੇ ਨੂਰਾਨੀ ਚੇਹਰੇ ਤਕ ਤਕ ਹੀ ਦ੍ਰਿਸ਼ਟੇ ਜਨਾਂ ਦੀ ਰੋਮਾਵਲੀ ਅੰਦਰ ਜੀਵਨ ਅਨੰਦ ਦੀ ਲਹਿਰ



www.AKJ.Org

ਫਿਰ ਜਾਂਦੀ ਸੀ। ਵਾਧਾ ਇਹ ਕਿ ਇਹ "ਏਕ ਜੋਤਿ ਦੋਇ ਮੂਰਤੀ" ਵਾਲੀ ਧਨ-ਪਿਰੀ ਜੋੜੀ ਅਖਰਾਂ ਵਲੋਂ ਅਨਪੜ੍ਹ ਹੀ ਸੀ, ਗੁਰਬਾਣੀ ਦਾ ਪਾਠ ਗੁਟਕੇ ਤੋਂ ਵੀ ਨਹੀਂ ਕਰ ਸਕਦੇ ਸੀ, ਪ੍ਰੰਤੂ—

ਜੋ ਪ੍ਰਾਣੀ ਗੋਵਿੰਦੁ ਧਿਆਵੈ ॥ ਪੜਿਆ ਅਨਪੜਿਆ ਪਰਮਗਤਿ ਪਾਵੈ ॥ (ਪੰਨਾ ੧੯੭) ਗੁਰਵਾਕ ਦੇ ਭਾਵ ਅਨੁਸਾਰ, ਅਨਪੜ੍ਹ-ਪੜ੍ਹਿਆਂ ਦੀ ਇਹ ਨਾਮ ਅਭਿਆਸੀ ਜੋੜੀ ਅਨੇਕਾਂ ਪੜ੍ਹਿਆਂ ਨਾਲੋਂ ਅਧਿਕ ਗੁਰ-ਗੰਮਤ ਤੱਤ ਵਾਲਾ ਆਤਮ-ਪਰਮਾਤਮੀ ਗਿਆਨ ਰਖਦੀ ਸੀ, ਹਰ ਵਕਤ ਹੀ ਮਗਨ-ਅਨੰਦ ਰਹਿਣਾ, ਜਿਸ ਕਿਸੇ ਨੇ ਲੰਗਰ ਵਿਚ ਆ ਕੇ ਇਨ੍ਹਾਂ ਪਾਸੋਂ ਕਾਈ ਸ਼ੈ ਤਲਬ ਕਰਨੀ, ਇਨ੍ਹਾਂ ਨੇ ਬੜੀ ਮਿਠੀ ਧੁਨੀ ਵਿਚ ਸਵੀਕਾਰਤਾ ਸਹਿਤ ਆਗਿਆ ਪਾਲਨ ਕਰਨੀ। ਐਸਾ ਸਬਰ ਸੰਤੋਖ ਅਤੇ ਸਹਿਨ-ਸ਼ੀਲਤਾ ਵਾਲਾ ਗੁਣ ਵਿਰਲੇ ਗੁਰਸਿਖਾਂ ਵਿਚ ਹੀ ਅਜ ਤਾਈਂ ਪੇਖਣ ਵਿਚ ਆਇਆ ਹੈ। ਘਰ ਦੀ ਕਮਾਈ, ਖੇਤੀ ਬਾੜੀ ਸਭ ਜੋਖੋਂ ਇਨ੍ਹਾਂ ਨੇ ਸੁਲੇਖੇ (ਗੁਰੂ ਲੇਖੇ) ਲਾ ਕੇ ਸੰਗਤਾਂ ਨੂੰ ਸਮਰਪਨ ਕਰ ਦੇਣੀ। ਇਨ੍ਹਾਂ ਨੂੰ ਸਤਿਗੁਰੂ ਨੇ ਇਕ ਐਸੀ ਲਵੇਰੀ ਗਊ ਬਖ਼ਸ਼ੀ ਹੋਈ ਸੀ ਜਿਸ ਨੇ ਸਾਰਾ ਸਾਲ ਸਮੁੰਦਰ (ਦੁੱਧ) ਦੇਂਦੇ ਰਹਿਣਾ, ਜਦੋਂ ਚਾਹੋ ਅਤੇ ਜਿਸ ਵੇਲੇ ਲੋੜ ਪਵੇ, ਧਾਰ ਚੋਂ ਲੈਣੀ, ਚਾਹੇ ਅਧੀ ਰਾਤ ਗਈ ਤੇ ਘਰ ਪ੍ਰਾਹੁਣੇ ਆ ਜਾਣ, ਓਦੋਂ ਹੀ ਇਸ ਗਊ ਨੇ ਮਿਲ ਪੈਣਾ ਅਤੇ ਦੁੱਧ ਦੇ ਦੇਣਾ। ਇਸ ਗਊ ਦਾ ਨਾਉਂ ਅਸਾਂ ਸਾਰਿਆਂ ਜਥੇ ਵਾਲਿਆਂ ਨੇ 'ਸੂਰਾ ਗਊ' ਰਖਿਆ ਹੋਇਆ ਸੀ। ਨਾਮ ਜਪਦੇ ਜਪਦੇ ਮਾੜੀਆਂ ਜਿਹੀਆਂ ਕਣੀਆਂ ਪੈਣ ਤੇ ਹੀ ਧਰਤੀ ਵਿਚ ਜਿਸ ਫ਼ਸਲ ਦਾ ਬੀਜ ਬੋਣਾ, ਨਾਲ ਦੇ ਖੇਤਾਂ ਵਾਲਿਆਂ ਨਾਲੋਂ, ਦੁਗਣਾ ਚੋਗਣਾ ਹੋ ਕੇ ਉਗਣਾ, ਐਸੀ ਬਰਕਤ ਸੀ ਇਨ੍ਹਾਂ ਦੀ ਕਮਾਈ ਵਿਚ। ਇਨ੍ਹਾਂ ਦੀ ਖੇਤੀ ਬਾੜੀ ਤੋਂ ਉਗਵੇ ਹੋਏ ਸਾਬਤ ਮਾਂਹ ਸੰਗਤ ਵਿਚ ਮਸ਼ਹੂਰ ਸਨ। ਸਾਬਤੇ ਮਾਂਹ ਦਾ ਦਾਲਾ ਸਰਬ ਲੋਹ ਦੇ ਕੜਾਹਿਆਂ ਵਿਚ ਰਿੰਨ੍ਹ ਕੇ ਨਾਮ-ਅਭਿਆਸੀ ਸੁਰਤੀ ਬਿਰਤੀ ਨਾਲ ਬਿੰਨ੍ਹ ਕੇ, ਤਿਆਰ ਕਰ ਕੇ ਸੰਗਤਾਂ ਨੂੰ ਪ੍ਰਸ਼ਾਦੇ ਨਾਲ ਛਕਾਣਾ, ਦਾਲਾ ਮੂੰਹੋਂ ਨਾ ਲਹਿਣਾ। ਬੜਾ ਹੀ ਸਵਾਦਲਾ, ਰਸ ਬਿਸਮਾਦ ਚਖਾਉਣਾ ਇਹ ਮਾਂਹ ਦਾ ਦਾਲਾ ਹੋਇਆ ਕਰਦਾ ਸੀ। ਰਜ ਰਜ ਕੇ ਸੰਗਤਾਂ ਨੇ ਛਕਣਾ, ਕਦੇ ਤੋਟ ਨਾ ਆਉਣੀ, ਚਾਹੇ ਪੂਰਾਂ ਦੇ ਪੂਰ ਸੰਗਤਾਂ ਦੇ ਆ ਜਾਣ।

ਮਾਈ ਪ੍ਰੇਮ ਕੌਰ ਜੀ ਤਾਂ ਸਾਧਾਰਨ ਬਿਰਤੀ ਵਾਲੀ, ਐਸੀ ਨਾਮ ਅਭਿਆਸਣੀ ਗੁਰਮੁਖ ਮਾਈ ਸੀ ਕਿ ਲਗਾਤਾਰ ਇਸ ਬਿਧ ਸੇਵਾ ਨਿਬਾਹੁੰਦਿਆਂ ਨਿਬਾਹੁੰਦਿਆਂ ਇਸ ਮਾਈ ਜੀ ਨੂੰ ਆਗਮ ਨਿਗਮ ਦੀ ਸੋਝੀ ਹੋ ਗਈ ਸੀ। ਉਹ ਅਸਾਨੂੰ ਇਸ ਤਰ੍ਹਾਂ ਪਤਾ ਲਗਾ ਕਿ ਅਸੀਂ ਜਦੋਂ ਭੀ, ਜਿਸ ਦਿਨ ਨਾਰੰਗਵਾਲ ਤੋਂ ਫੱਲੇਵਾਲ ਜਾਣਾ, ਚਾਹੇ ਕਿਸੇ ਵੇਲੇ ਜਾਈਏ, ਅਗੋਂ ਮਾਈ ਜੀ ਨੇ ਸਾਡੇ ਛਕਣ ਲਈ ਲੱਸੀ ਅਤੇ ਮਿਸੇ ਪ੍ਰਸ਼ਾਦੇ ਤਿਆਰ ਕਰ ਦੇਣੇ। ਇਸੇ ਪ੍ਰਕਾਰ ਅਨੇਕਾਂ ਵਾਰ ਐਸਾ ਹੀ ਹੋਇਆ। ਇਕ ਵਾਰ ਅਸੀਂ ਪ੍ਰੇਮ ਗੁਫ਼ਤਾਰ ਕਰਦੇ ਕਰਦੇ ਮਾਈ ਜੀ ਤੋਂ ਪੁਛ ਬੈਠੇ ਕਿ ਜਦੋਂ ਵੀ ਅਸੀਂ ਏਥੇ ਆਉਂਦੇ ਹਾਂ, ਚਾਹੇ ਕਿਸੇ ਵੇਲੇ ਆਈਏ, ਤੁਸੀਂ ਸਾਡੇ ਆਇਆਂ ਨੂੰ ਸੱਜ਼ਰਾ ਆਹਾਰ ਰਖਦੇ ਹੋ, ਤੁਹਾਨੂੰ ਇਹ ਕਿਵੇਂ ਪਤਾ ਲਗਦਾ ਹੈ ? ਤਾਂ ਮਾਈ ਜੀ ਨੇ ਹਸਦੇ ਹਸਦੇ ਭਾਈ ਸਰਵਣ ਸਿੰਘ ਜੀ ਦੇ ਉਪਰ ਗੱਲ ਟਾਲ ਦਿਤੀ ਅਤੇ ਉਨ੍ਹਾਂ ਦੇ ਮੱਥੇ ਹੀ ਮੜ੍ਹ ਦਿਤੀ (ਭਾਈ ਸਰਵਣ ਸਿੰਘ ਜੀ ਪਾਸ ਹੀ ਬੈਠੇ ਸਨ)। ਮਾਈ ਕਹਿਣ ਲਗੀ, "ਭਾਈ, ਮੈਨੂੰ ਤਾਂ ਸਰਵਣ ਸਿੰਘ ਹੀ ਦਸ ਦਿੰਦੇ ਹਨ ਕਿ ਮਾਈ ਪ੍ਰਸ਼ਾਦੇ ਆਦਿ ਤਿਆਰ ਕਰੋ, ਬਾਈ ਜੀ ਆ ਰਹੇ ਹਨ। (ਓਦੋਂ ਮੈਨੂੰ ਸਾਰੇ ਜਥੇ ਵਾਲੇ ਸਿੰਘ ਪ੍ਰਸਪਰ ਬਾਈ ਜੀ ਦੇ ਨਾਮ ਨਾਲ ਮੁਖ਼ਾਤਬ ਕਰ ਕੇ ਪੁਕਾਰਿਆ ਕਰਦੇ ਹਨ)। ਓਦੋਂ ਹੀ ਮੈਨੂੰ ਭਾਈ ਸਰਵਣ ਸਿੰਘ ਹੋਰੀਂ ਦਸ ਦਿੰਦੇ ਸਨ ਕਿ ਹੁਣ ਬਾਈ ਜੀ ਨਾਰੰਗਵਾਲ ਤੋਂ ਤੁਰ ਪਏ ਹਨ। ਇਤਨੇ ਸਿੰਘਾਂ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਦੇ ਮੋਢੇ ਤੇ ਸਫ਼ਾਜੰਗ ਹੈ ਅਤੇ ਇਸ ਪ੍ਰਕਾਰ ਖ਼ਾਲਸਈ ਬਾਣਾ ਉਨ੍ਹਾਂ ਨੇ ਸਜਾਇਆ ਹੋਇਆ ਹੈ। ਇਹਨਾਂ ਦੇ ਦਸਣ ਸਾਰ ਹੀ ਮੈਂ ਓਦੋਂ ਹੀ ਆਹਰ ਵਿਚ ਜੁਟ ਜਾਂਦੀ ਹੈ।" ਮੈਂ ਭਾਈ ਸਰਵਣ ਸਿੰਘ ਜੀ ਨੂੰ ਕੈਰੀ ਨਿਗ੍ਹਾ ਨਾਲ ਡਾਂਟ ਕੇ ਆਖਿਆ ਕਿ ਤੈਨੂੰ ਰਿਧੀ ਸਿਧੀ ਫੁਰਨ ਲਗ ਪਈ ਹੈ, ਹਜ਼ਮ ਨਹੀਂ ਹੁੰਦੀ, ਅਜਰ ਨੂੰ ਜਰਨਾ ਚਾਹੀਦਾ ਹੈ। ਅਗੋਂ ਭਾਈ ਸਰਵਣ ਸਿੰਘ ਜੀ ਹੱਸ ਕੇ ਬੋਲੇ, "ਕਾਹਨੂੰ ਜੀ, ਮੈਂ ਕਦੇ ਕਾਹਨੂੰ ਮਾਈ ਜੀ ਨੂੰ ਦਸਿਆ ਹੈ, ਇਹ ਸਭ ਕੁਛ ਮਾਈ ਜੀ ਨੂੰ ਆਪੇ ਹੀ ਸਫੁਰਨ ਹੁੰਦਾ ਹੈ, ਹੁਣ ਮੇਰੇ ਤੇ ਗੱਲ ਧਰਦੇ ਹਨ।"


www.AKJ.Org

ਇਸ ਪ੍ਰਕਾਰ ਕਈ ਵਾਰ ਐਸੀ ਵਾਰਤਾਲਾਪ ਹੋਈ । ਇਹ ਸਭ ਨਿਸ਼ਕਾਮ ਸੇਵਾ ਦਾ ਸਿੱਟਾ ਸੀ । ਅਜ ਦੀ ਡਾਂਟ ਫਾਂਟ ਪਿਛੋਂ ਫੇਰ ਕਦੇ ਘਟ ਵਧ ਹੀ ਮਾਈ ਜੀ ਵਲੋਂ ਆਪਣੀ ਅਵਸਥਾ ਦਾ ਜਣਾਵਣਾ ਹੋਇਆ । ਅਜਰ ਨੂੰ ਵਿਚੇ ਵਿਚ ਹੀ ਜਰਦੇ ਰਹੇ । ਫੇਰ ਵੀ ਸਾਡੀ ਜੇਲ੍ਹ-ਯਾਤਰਾ ਤੋਂ ਥੋੜਾ ਚਿਰ ਪਹਿਲਾਂ ਕਈ ਵਾਰ ਆਪ-ਮੁਹਾਰੇ ਇਉਂ ਆਖਿਆ ਭਾਖਿਆ ਕਰਦੇ ਸਨ : "ਭ਼ਾਈ, ਲੰਮੇ ਵਿਛੋੜੇ ਪੈਣੇ ਹਨ, ਸੁਖ ਹੋਵੇ ।" ਦਾਸ ਨੇ ਇਹ ਕਹਿ ਕੇ ਉਨ੍ਹਾਂ ਨੂੰ ਚੁਪ ਕਰਾ ਦੇਣਾ ਕਿ ਜੋ ਭਾਣਾ ਕਰਤਾਰ ਦਾ ਹੈ, ਸੋ ਹੋ ਕੇ ਰਹਿਣਾ ਹੈ । ੧੯੧੪ ਤਾਈਂ ਇਸ ਦੰਪਤਿ ਜੋੜੀ ਨੇ ਖ਼ੂਬ ਸੇਵਾ-ਸੁਰਤ ਨਿਭਾਈ, ਦਿਨੋ ਦਿਨ ਚੜ੍ਹਦੀ ਕਲਾ ਵਿਚ ਨਿਭਾਈ ।

ਬਾਬਾ ਰਾਮ ਸਿੰਘ ਜੀ ਦੀ ਗੰਭੀਰਤਾ ਤੇ ਸਹਿਨ-ਸ਼ੀਲਤਾ ਤਾਂ ਹਦ ਦਰਜੇ ਦੀ ਪੁਜੀ ਹੋਈ ਸੀ । ਮੇਰੇ ਨਾਲ ਉਨ੍ਹਾਂ ਦਾ ਐਸਾ ਗੂੜ੍ਹਾ ਪਿਆਰ ਸੀ ਕਿ ਇਕ ਦਿਨ ਵੀ, ਛਿਨ ਮਾਤਰ, ਮੇਰੇ ਬਾਝੋਂ ਨਾ ਰਹਿ ਸਕਣ । ਜੋੜ-ਮੇਲ, ਸਤਿਸੰਗ, ਅਖੰਡ ਕੀਰਤਨ ਸਮਾਗਮ ਅਕਸਰ ਹੁੰਦੇ ਹੀ ਰਹਿੰਦੇ ਸਨ । ਜਦੋਂ ਕਦੀ ਇਨ੍ਹਾਂ ਸਮਾਗਮਾਂ ਵਿਚ ਨਾਗਾ ਪੈ ਜਾਣਾ ਅਤੇ ਸਮਾਗਮ ਨਾ ਹੋਵੇ ਤਾਂ ਝਟ ਭਾਈ ਸਰਵਣ ਸਿੰਘ ਹੋਰਾਂ ਨੂੰ ਲੈ ਨਾਰੰਗਵਾਲ ਪੁਜ ਜਾਣਾ । ਨਾਮ ਸਿਮਰਨ ਦੇ ਖੰਡੇ ਖੜਕਾਉਣੇ । ਸਭ ਨੇ ਮਿਲ ਕੇ ਕੀਰਤਨ ਅਰੰਭ ਕਰ ਦੇਣੇ । ਕੀਰਤਨ ਕਰਨ ਸੁਣਨ ਦੇ ਬੜੇ ਧਨੀ ਸਨ । ਚਾਹੇ ਸਾਜ ਕੋਈ ਵੀ ਨਹੀਂ ਵਜਾ ਸਕਦੇ ਸਨ । ਸ੍ਰੀ ਬਾਬੂ ਮੱਲ ਸਿੰਘ ਜੀ ਦੇ ਪਿੰਡ ਸਰਲੀ ਜ਼ਿਲਾ ਅੰਮ੍ਰਿਤਸਰ ਵਿਖੇ ਇਕ ਵਾਰ ਸਾਰਾ ਜਥਾ ਗਿਆ ਅਤੇ ਕੀਰਤਨ ਕਰਦਾ ਹੀ ਗਿਆ । ਬਾਬਾ ਰਾਮ ਸਿੰਘ ਜੀ ਦੀ, ਕੀਰਤਨ ਕਰਦਿਆਂ ਤੁਰੇ ਜਾਂਦਿਆਂ ਹੀ, ਲੋਟ-ਪੋਟ ਦਸ਼ਾ ਹੋ ਗਈ । ਸ੍ਰੀ ਬਾਬੂ ਜੀ ਦੇ ਗ੍ਰਿਹ ਜਾਣ ਸਾਰ ਹੀ ਅਖੰਡਪਾਠ ਸਮਾਗਮ ਦੇ ਤਿਆਰੇ ਅਰੰਭ ਕਰ ਦਿਤੇ । ਇਸ ਦੰਪਤਿ ਜੋੜੀ ਨੇ ਲੰਗਰ ਦੀ ਸੇਵਾ ਸਾਂਭ ਲਈ । ਪਾਸ ਹੀ ਉਧਰ ਅਖੰਡ ਪਾਠ ਹੋਵੇ ਤੇ ਇਧਰ ਇਹ ਸੇਵਾ ਵਿਚ ਮਗਨ-ਅਨੰਦ ਜੁਟੇ ਰਹਿਣ । ਸ੍ਰੀ ਬਾਬੂ ਜੀ ਦੇ ਵਡੇ ਭਰਾਤਾ ਸ੍ਰੀ ਭਾਈ ਵਰਿਆਮ ਸਿੰਘ ਜੀ ਨੇ ਜਦੋਂ ਵੀ ਲੰਗਰ ਵਿਚ ਆ ਕੇ ਪੁਛਣਾ ਕਿ ਕਿਸੇ ਸ਼ੈ ਦੀ ਲੋੜ ਤਾਂ ਨਹੀ ? ਰਸਦ ਆਦਿ ਦੀ ਥੁੜ ਤਾਂ ਨਹੀਂ ? ਤਾਂ ਅਗੋਂ ਬਾਬਾ ਰਾਮ ਸਿੰਘ ਜੀ ਨੇ ਇਹ ਉਤਰ ਦੇਣਾ, "ਸਭ ਬੇਅੰਤ ਗਫੇ ਹਨ, ਕਿਸੇ ਸ਼ੈ ਦੀ ਕੋਈ ਕਮੀ ਨਹੀਂ ।" ਸਚ ਮੁਚ ਇਨ੍ਹਾਂ ਸੰਤੋਖੀਆਂ ਦੇ ਹੁੰਦਿਆਂ ਲੰਗਰ ਵਿਚ ਥੁੜ ਆਉਂਦੀ ਹੀ ਨਹੀਂ ਸੀ ।

ਭਾਣੇ ਦੇ ਚੱਕਰ ਅੰਦਰ ਅਸੀਂ ਹੋਰ ਸਜਣਾਂ ਸਮੇਤ, ਲੁਧਿਆਣੇ ਜੇਲ੍ਹ ਵਿਚ ਆ ਨਜ਼ਰਬੰਦ ਹੋਏ, ਪਿਛੋਂ ਜਰਵਾਣਿਆਂ ਨੇ ਭਾਈ ਰਾਮ ਸਿੰਘ ਨੂੰ ਵੀ ਫੜ ਲਿਆਂਦਾ । ਉਹ ਅਗੋਂ ਹੀ ਅਰਦਾਸਾ ਸੋਧੀ ਬੈਠੇ ਸਨ । ਜੇਲ੍ਹ ਵਿਚ ਆਉਣ ਕਰਕੇ ਉਨ੍ਹਾਂ ਦੇ ਸਰੀਰ ਨੂੰ ਬੜੀ ਕਠਨਾਈ ਹੋਈ, ਕਿਉਂਕਿ ਇਕ ਤਾਂ ਉਨ੍ਹਾਂ ਦੀ ਅਵਸਥਾ ਬਿਰਧ ਸੀ, ਦੂਜੇ ਬਿਬੇਕ ਸਰਬ ਲੋਹ ਦਾ ਪਹਿਰਾ ਸੀ ਉਨ੍ਹਾਂ ਦਾ । ਅਨਿਆਈ ਗੋਰਾ ਗੌਰਮਿੰਟ ਦੀ ਜ਼ਾਲਮ ਅਦਾਲਤ ਨੇ ਇਕ ਵਾਰ ਤਾਂ ਸਾਰੇ ਜਥੇ ਨੂੰ ਉਮਰ ਕੈਦਾਂ ਸੁਣਾ ਦਿਤੀਆਂ । ਪਿਛੋਂ ਬਾਬਾ ਰਾਮ ਸਿੰਘ ਜੀ ਦੀ ਸਿਰਫ਼ ਦੋ ਸਾਲ ਦੀ ਹੀ ਕੈਦ ਰਹਿ ਗਈ । ਉਹ ਕਟ ਕੇ ਸਾਥੋਂ ਬਹੁਤ ਚਿਰ ਪਹਿਲਾਂ ਬਾਹਰ ਆ ਗਏ । ਬਾਹਰ ਆਉਣ ਪਰ ਇਨ੍ਹਾਂ ਨੂੰ ਪਰਮ ਬੈਰਾਗ ਉਪਰਾਮਤਾ ਉਪਜੀ ਅਤੇ ਹਮੇਸ਼ਾ ਉਪਜਦੀ ਰਹੀ ।

ਸਾਡੀਆਂ ਉਡੀਕਾਂ ਸਿੱਕਾਂ ਭਰੀਆਂ ਸਦਾ ਹੀ ਕਰਦੇ ਰਹੇ । ਉਡੀਕਾਂ ਕਰਦੇ ਕਰਦੇ ਹੀ ਅਸਾਡੇ ਰਿਹਾ ਹੋ ਕੇ ਬਾਹਰ ਆਉਣ ਤੋਂ ਚਾਰ ਮਹੀਨੇ ਪਹਿਲੇ ਪਰਲੋਕ ਨੂੰ ਪਿਆਨੇ ਕਰ ਗਏ । ਪਿਆਨੇ ਕਰਦਿਆਂ ਕਰਦਿਆਂ ਇਨ੍ਹਾਂ ਦੀ ਰੂਹ ਇਨ੍ਹਾਂ ਦੇ ਜਿਸਮ ਵਿਚੋਂ ਪਰਵਾਜ਼ ਕਰ ਕੇ ਸਾਨੂੰ ਜੇਲ੍ਹ ਵਿਚ ਬੈਠਿਆਂ ਨੂੰ ਫ਼ਤਹ ਬੁਲਾ ਕੇ ਗੁਰਪੁਰੀ ਸਿਧਾਰ ਗਈ ।

ਭਾਣੇ ਦੀ ਕਾਰ ਹੀ ਐਸੀ ਸੀ, ਪਰ ਬੜੀ ਖੁਸ਼ੀ ਵਾਲੀ ਗੱਲ ਇਹ ਹੈ ਕਿ ਸਾਰੀ ਉਮਰ ਹੀ ਕਰਤਾਰ ਦੇ ਰੰਗਾਂ ਵਿਚ ਇਨ੍ਹਾਂ ਨੇ ਵਿਹਾਈ । ਪਿਛੋਂ ਮਾਈ ਪ੍ਰੇਮ ਕੌਰ ਜੀ ਆਪਣੇ ਪੂਜ-ਪਤੀ ਜੀ ਦੇ ਬੈਰਾਗ ਵਿਚ ਹਾਲੋਂ ਬੇਹਾਲ ਹੋ ਗਏ । ਅਸਾਡੇ ਰਿਹਾ ਹੋ ਕੇ ਬਾਹਰ ਆਉਂਦਿਆਂ ਨੇ ਚਾਹੇ ਮਾਈ ਪ੍ਰੇਮ ਕੌਰ ਜੀ ਜੀਉਂਦੇ ਸਨ, ਪਰ ਹੋਸ਼-ਹਵਾਸ ਉਨ੍ਹਾਂ ਦੇ ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ ਭੀ ਕਿਸੇ ਹੋਰ ਅਰੂਪ ਰੂਪੀ ਮੰਡਲ (sphere) ਵਿਚ ਮਜਜ਼ੂਬ



www.AKJ.Org

ਰਹਿੰਦੇ ਸਨ। ਸਾਨੂੰ ਜੇਲ੍ਹ ਵਿਚੋਂ ਰਿਹਾ ਹੋ ਕੇ ਆਉਂਦਿਆਂ ਨੂੰ ਬਿਹਬਲ ਹੋ ਕੇ ਮਿਲੇ। ਪ੍ਰਸਪਰ ਪ੍ਰੇਮ-ਕਹਾਣੀਆਂ ਕੀਤੀਆਂ ਔਰ ਤਿੰਨਾਂ ਸਾਲਾਂ ਪਿਛੋਂ ਉਹ ਵੀ ਚਲ ਬਸੇ। ਉਸ ਗੁਰਪੁਰੀ ਵਿਚ ਹੀ ਜਾਇ ਬਸੇ, ਜਿਥੇ ਬਾਬਾ ਰਾਮ ਸਿੰਘ ਜੀ ਸਿਧਾਰੇ ਸਨ।

ਬਾਬਾ ਰਾਮ ਸਿੰਘ ਜੀ ਦੀ ਉਪਕਾਰ-ਉਦਾਰਤਾ ਅਤੇ ਕਰਣਾ ਰਸ ਦੀ ਵਾਰਤਾ ਦਾ ਇਕ ਉਦਾਹਰਣ ਏਥੇ ਵਰਨਣ ਕਰਨ ਯੋਗ ਹੈ। ਸ੍ਰੀ ਬਾਬਾ ਰਾਮ ਸਿੰਘ ਦੇ ਸ਼ਰੀਕ ਭਾਈਆਂ ਵਿਚੋਂ ਇਕ ਸ਼ਰੀਕ ਪਰਵਾਰ ਮੁਢ ਤੋਂ ਹੀ ਸ੍ਰੀ ਬਾਬਾ ਜੀ ਦੇ ਨਾਲ ਅਣਹੋਇਆ ਵੈਰ ਵਿਰੋਧ ਰਖਦਾ ਆਇਆ ਸੀ। ਐਸੀ ਨੇਤ ਹੋਈ ਕਿ ਨਿਕਟੀ ਪਰਵਾਰ ਦਾ ਇਕ ਨਿਕਟੀ ਮਾਇਆ-ਖੱਟੂ ਨੌਜਵਾਨ ਚੀਨ, ਮਲਾਇਆ ਟਾਪੂਆਂ ਵਲੋਂ ਮਾਇਆ ਦੇ ਬੋਹਲ ਖਟ ਕੇ ਕਈ ਬਰਸਾਂ ਪਿਛੋਂ ਵਾਪਸ ਪਿੰਡ ਫੱਲੇਵਾਲ ਆਇਆ ਤੇ ਬੜੀ ਭਿਆਨਕ ਬੀਮਾਰੀ ਨਾਲ ਬੀਮਾਰ ਹੋ ਕੇ ਆਇਆ। ਉਸ ਦਾ ਸਾਰਾ ਸਰੀਰ ਬੜਾ ਰਿਸ਼ਟ ਪੁਸ਼ਟ ਸੀ, ਛੇ ਫ਼ੁਟ ਲੰਮਾ ਜਵਾਨ, ਡੇਢ ਫੁਟ ਚੌੜੀ ਛਾਤੀ, ਉਸ ਨੂੰ ਅਨਾਚਿਤ ਐਸੀ ਬੀਮਾਰੀ ਲਗੀ ਕਿ ਉਸ ਦਾ ਸਰੀਰ ਤਖ਼ਤੇ ਵਾਂਗੂੰ ਹੋ ਗਿਆ, ਨਾ ਹਿਲ ਸਕੇ, ਨਾ ਸਿਧਾ ਬੈਠ ਸਕੇ, ਨਾ ਤੁਰ ਫਿਰ ਸਕੇ, ਨਾ ਉਸ ਦੇ ਅੰਗ ਮੁੜ ਸਕਣ, ਸਿੱਧਾ ਸਤੌਰ ਪਿਆ ਰਹੇ ਤਾਂ ਪਿਆ ਰਹੇ, ਜੇ ਖੜਾ ਹੈ ਤਾਂ ਖੜਾ ਰਹੇ। ਬੜਾ ਭਾਰੀ ਜਵਾਨ ਸੀ। ਇਸ ਨੂੰ ਤਿੰਨ ਤਿੰਨ ਚਾਰ ਚਾਰ ਆਦਮੀ ਥੰਭ ਸਕਦੇ ਸੀ। ਚੀਨ ਮਲਾਇਆ ਦੇ ਨੇੜੇ ਤੇੜੇ ਡਾਕਟਰਾਂ ਹਕੀਮਾਂ ਪਾਸੋਂ ਇਲਾਜ ਕਰਾਏ, ਪਰ ਉਸ ਦੀ ਇਹ ਬੀਮਾਰੀ ਨਾ ਹਟੀ। ਬੜਾ ਪਰਮ ਦੁਖੀ ਹੋ ਕੇ, ਡਾਕਟਰਾਂ ਹਕੀਮਾਂ ਦੇ ਇਲਾਜ ਤੋਂ ਨਿਰਾਸ ਹੋ ਕੇ ਟਾਪੂਆਂ ਤੋਂ ਮੁੜ ਕੇ ਘਰ (ਫੱਲੇਵਾਲ) ਆ ਗਿਆ। ਆਉਂਦੇ ਨੇ ਹੀ ਬਾਬਾ ਰਾਮ ਸਿੰਘ ਨੂੰ ਯਾਦ ਕੀਤਾ ਕਿ ਮੈਨੂੰ ਦਰਸ਼ਨ ਦੇ ਜਾਣ, ਖ਼ੁਦ ਚਲ ਕੇ ਨਹੀਂ ਆ ਸਕਦਾ ਸੀ। ਜਦ ਉਸ ਦੀ ਭਿਅੰਕਰ ਬੀਮਾਰੀ ਦਾ ਹਾਲ ਬਾਬਾ ਜੀ ਨੇ ਸੁਣਿਆ ਤਾਂ ਕਰਣਾ ਰਸ ਨਾਲ ਢਲ ਕੇ ਐਸੇ ਨਰਮ ਹੋਏ ਕਿ ਸਭ ਘਰੋਗੀ ਖ਼ਾਨਦਾਨੀ ਵੈਰ ਵਿਰੋਧ ਭੁਲ ਗਏ। ਐਸਾ ਮੌਕਾ ਹੋਇਆ ਕਿ ਉਦੋਂ ਸਾਰੀ ਸੰਗਤ ਕੀਰਤਨੀ ਬੈਰਾਗੀ ਜਥਾ ਸ੍ਰੀ ਬਾਬਾ ਜੀ ਦੇ ਘਰ ਆ ਕੇ ਜੁੜਿਆ ਹੋਇਆ ਸੀ, ਜਥੇ ਤੋਂ ਆਗਿਆ ਲੈ ਕੇ ਚਲੇ ਗਏ। ਬਾਬਾ ਰਾਮ ਸਿੰਘ ਜੀ ਪਾਸ ਪਰਮ ਰੋਗੀ ਵੀਰ ਰੋ ਰੋ ਕੇ ਬੇਨਤੀ ਕਰਨ ਲਗਾ, ਉਹਨੇ ਸਾਰੀ ਬੀਮਾਰੀ ਦੀ ਪਿਛਲੀ ਹਾਲਤ ਦਸੀ ਅਤੇ ਆਖਿਆ :

"ਮੈਨੂੰ ਸਾਰੇ ਡਾਕਟਰ ਹਕੀਮ ਜਵਾਬ ਦੇ ਚੁਕੇ ਹਨ ਅਤੇ ਕਹਿ ਚੁਕੇ ਹਨ ਕਿ ਇਹ ਲਾ-ਇਲਾਜ ਬੀਮਾਰੀ ਹੈ। ਸੋ ਮੈਂ ਹੁਣ ਮਰ ਤਾਂ ਜਾਣਾ ਹੀ ਹੈ, ਐਸਾ ਉਪਕਾਰ ਕਰੋ ਕਿ ਮੇਰੇ ਨਮਿਤ ਇਕ ਅਖੰਡਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਰਨਾ ਅਰੰਭ ਕਰਾ ਦਿਓ। ਮੇਰੇ ਭਾਗਾਂ ਨੂੰ ਸਾਰਾ ਜਥਾ ਤੁਹਾਡੇ ਘਰ ਆਇਆ ਹੋਇਆ ਹੈ। ਰੋਗ-ਬਿਦਾਰਨੀ ਸੱਚੇ ਵੈਦਾਂ ਸੰਦਾ ਸੰਗ ਇਕੱਠਾ ਹੋਇਆ ਹੋਇਆ ਹੈ। ਸ੍ਰੀ ਅਖੰਡਪਾਠ ਦੀ ਇਹ ਦਾਰੂ ਹਰ ਸੂਰਤ ਵਿਚ ਮੇਰੇ ਰਾਸ ਆਵੇਗੀ। ਮੈਨੂੰ ਇਸ ਗੱਲ ਦਾ ਭਰੋਸਾ ਹੈ ਕਿ ਜੇ ਸਰੀਰ ਚਲ ਗਿਆ ਤਾਂ ਕਲਿਆਣ ਹੋ ਜਾਏਗੀ, ਜੇ ਬਚ ਗਿਆ ਤਾਂ ਮੈਂ ਸਣੇ ਪਰਵਾਰ ਖੰਡੇ ਦਾ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਜਾਵਾਂਗਾ ਅਤੇ ਆਪਣਾ ਜਨਮ ਸਫਲਾ ਕਰਾਂਗਾ।"

ਸ੍ਰੀ ਬਾਬਾ ਜੀ ਉਸ ਤੋਂ ਇਹ ਗੱਲ ਸੁਣ ਕੇ ਸਜਲ ਨੇਤਰੀਂ ਹੁੰਦੇ ਹੋਏ ਸੰਗਤ ਪਾਸ ਆਏ ਤੇ ਬਿਰਹੁੰ-ਬੇਧਵੀਂ ਬੇਨਤੀ ਕੀਤੀ ਕਿ ਉਸ ਦਾ ਭਲਾ ਕਰੋ। ਸੰਗਤ ਸਭਨੀਂ ਗਲੀਂ ਸਮ੍ਰੱਥ ਹੈ। ਭਲਾ, ਬਾਬਾ ਜੀ ਦੇ ਬਚਨਾਂ ਨੂੰ ਕੌਣ ਮੋੜੇ। ਅਖੰਡਪਾਠ ਦੇ ਤਿਆਰੇ ਬਜਾਉਣ ਲਈ ਦੂਸਰੇ ਦਿਨ ਹੀ ਸਭ ਸਰੰਜਾਮ ਹੋ ਗਿਆ। ਸਾਰੇ ਪਰਵਾਰ ਨੇ ਹਾਵ ਭਾਵ ਨਾਲ ਅਖੰਡਪਾਠ-ਮੰਡਪ ਸਜਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਉਸ ਅਸਾਧ ਰੋਗ ਦੇ ਰੋਗੀ ਸਜਣ ਨੂੰ ਚਹੁੰ ਜਣਿਆਂ ਨੇ ਫੜ ਕੇ ਪੇਸ਼ ਹੋਣ ਲਈ ਖੜਾ ਕੀਤਾ। ਬਾਬਾ ਰਾਮ ਸਿੰਘ ਜੀ ਖੜੇ ਚੌਰ ਕਰ ਰਹੇ ਸਨ। ਅਭਿਆਸ-ਖਿੜਾਉ ਵਿਚ ਚੌਰ ਕਰਦੇ ਕਰਦੇ ਉਸ ਨੂੰ ਮੁਖ਼ਾਤਬ ਹੋ ਕੇ ਬੋਲੇ, "ਤੈਥੋਂ ਇਕ ਭਾਰੀ ਅਵੱਗਿਆ ਹੋਈ ਹੈ, ਪਰ ਤੈਨੂੰ ਹੁਣ ਚਿਤ ਚੇਤੇ ਵੀ ਨਹੀਂ। ਤੂੰ ਦਸ ਕਿ ਜਦੋਂ ਮਾਇਆ ਖਟਣ ਲਈ ਦੇਸੀਂ ਪ੍ਰਦੇਸੀਂ ਇਥੋਂ ਅਰਦਾਸਾ ਸੋਧ ਕੇ ਤੁਰਿਆ ਸੀ, ਓਦਣ ਕੋਈ ਪ੍ਰਣ-ਪ੍ਰਤੱਗਿਆ ਵੀ ਕੀਤੀ ਸੀ ?" ਬਾਬਾ ਜੀ ਦੇ


www.AKJ.Org

ਇਹ ਬਚਨ ਸੁਣ ਕੇ ਉਹ ਬੋਲ ਉਠਿਆ, "ਹਾਂ ਜੀ ! ਮੈਂ ਪ੍ਰਤੱਗਿਆ ਜ਼ਰੂਰ ਕੀਤੀ ਸੀ, ਅਤੇ ਇਹ ਕੀਤੀ ਸੀ ਕਿ ਮੈਂ ਆਪਣੀ ਖੱਟੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦਿਆ ਕਰਾਂਗਾ, ਪਰ ਮੈਂ ਪਾਪੀ ਤੋਂ ਅਜ ਤਾਈਂ ਦੇ ਨਹੀਂ ਹੋਇਆ । ਦਸਾਂ ਬਾਰਾਂ ਵਰ੍ਹਿਆਂ ਵਿਚ ਹਜ਼ਾਰਾਂ ਰੁਪਏ ਮੈਂ ਕਮਾਏ, ਦਸਵੰਧ ਮੇਰੇ ਸਿਰ ਚੜ੍ਹਦਾ ਗਿਆ, ਮਾਇਆਵੀ ਐਸ਼-ਪ੍ਰਸਤੀ ਵਿਚ ਮੈਨੂੰ ਦਸਵੰਧ ਦੇਣ ਦਾ ਖ਼ਿਆਲ ਉੱਕਾ ਹੀ ਵਿਸਰ ਗਿਆ । ਇਹ ਬੜੀ ਭਾਰੀ ਅਵੱਗਿਆ ਹੋ ਗਈ ਹੈ। ਇਸ ਅਵੱਗਿਆ ਦੇ ਕਾਰਨ ਇਹ ਅਸਾਧ ਰੋਗ ਮੈਨੂੰ ਲਗਿਆ ਹੈ ।" ਸੁਣ ਕੇ ਸੰਗਤ ਨੇ ਹੁਕਮ ਦਿਤਾ ਕਿ ਪਹਿਲਾਂ ਸਾਰਾ ਦਸਵੰਧ ਕੌਡੀ ਕੌਡੀ ਗਿਣ ਕੇ (ਜੋ ਦਮੜੇ ਬਣਦੇ ਸਨ) ਸ੍ਰੀ ਹਜ਼ੂਰ ਸਾਹਿਬ ਨੂੰ ਭੇਜ ਦਿਓ। ਫੇਰ ਤੇਰੇ ਨਮਿਤ ਸ੍ਰੀ ਅਖੰਡ ਪਾਠ ਕੀਤਾ ਜਾਵੇਗਾ । ਉਸ ਨੇ ਉਸੇ ਵਕਤ ਹੀ ਦਸਵੰਧ ਦੇ ਰੁਪਏ ਕਢ ਕੇ, ਆਪਣੇ ਇਕ ਸਕੇ ਭਾਈ ਦੇ ਹੱਥ ਸ੍ਰੀ ਹਜ਼ੂਰ ਸਾਹਿਬ ਭੇਜ ਦਿਤੇ । ਫਿਰ ਉਸ ਦੇ ਨਮਿਤ ਸ੍ਰੀ ਅਖੰਡਪਾਠ ਦਾ ਉਦਮ-ਉਪਕਾਰ ਅਰੰਭ ਹੋਇਆ । ਸ੍ਰੀ ਬਾਬਾ ਜੀ ਨੇ ਹੁਕਮ ਦਿਤਾ ਕਿ ਸਾਰਾ ਅਖੰਡਪਾਠ ਅਤੇ ਅਖੰਡ ਕੀਰਤਨ ਅਰੰਭ ਤੋਂ ਅੰਤ ਤਾਈਂ ਸੁਣਨਾ ਹੋਵੇਗਾ । ਉਸ ਨੇ ਸਾਰੀਆਂ ਗੱਲਾਂ ਕਬੂਲ ਕੀਤੀਆਂ । ਨਾਲੇ ਇਹ ਬੇਨਤੀ ਵੀ ਕੀਤੀ ਕਿ ਮੈਥੋਂ ਬੈਠ ਤੇ ਹੋਣਾ ਨਹੀਂ, ਲੰਮਾ ਪੈ ਕੇ ਸੁਣ ਸਕਾਂਗਾ, ਭੂਮ-ਆਸਣ ਕਰਨ ਦੀ ਆਗਿਆ ਦੇ ਦਿਤੀ ਜਾਵੇ । ਸੰਗਤ ਨੇ ਖ਼ੁਸ਼ੀ ਨਾਲ ਆਗਿਆ ਦੇ ਦਿਤੀ । ਬਾਬਾ ਰਾਮ ਸਿੰਘ ਨੇ ਕਿਹਾ, "ਤਕੜੇ ਹੋਵੋ, ਦੇਖ ਕੀ ਭਾਣਾ ਵਰਤਦਾ ਹੈ !"

ਅੰਮ੍ਰਿਤ ਵੇਲੇ ਹੀ ਚਾਰ ਬਜੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋ ਗਿਆ । ਗਿਆਰਾਂ ਬਜੇ ਅਖੰਡ ਕੀਰਤਨ ਦਾ ਭੋਗ ਪਿਆ । ਕੀਰਤਨ ਦੇ ਭੋਗ ਤੇ ਅਖੰਡ ਪਾਠ ਅਰੰਭ ਕਰਨ ਲਈ ਅਰਦਾਸਾ ਹੋਣ ਲਗਾ, ਤਾਂ ਉਸ ਨੂੰ ਚਹੁੰ ਜਣਿਆਂ ਨੇ ਫੜ ਕੇ ਅਰਦਾਸੇ ਵਿਚ ਖੜਾ ਕੀਤਾ, ਤਖ਼ਤੇ ਵਾਂਗੂ ਆਕੜਿਆ ਹੋਇਆ ਤੇ ਫੜਿਆ ਹੋਇਆ ਖੜਾ ਹੋ ਗਿਆ । ਅਰਦਾਸੇ ਵਿਚ ਐਸੀ ਕਲਾ ਵਰਤੀ ਕਿ ਅਰਦਾਸੇ ਦੀ ਸਮਾਪਤੀ ਤੇ ਉਹ ਸਿੱਧਾ ਸਤੋਰ ਡੰਡੌਤ ਬੰਦਨਾ ਵਿਚ ਮੂਧੇ ਮੂੰਹ ਛਪਾਲ ਲੰਮਾ ਪੈ ਗਿਆ, ਪਰ ਆਪ ਹੀ ਉਠ ਕੇ ਬੈਠ ਗਿਆ । ਹੁਕਮ ਲਿਆ ਗਿਆ ਤੇ ਅਖੰਡ ਪਾਠ ਅਰੰਭ ਹੋ ਗਿਆ । ਸ੍ਰੀ ਜਪੁਜੀ ਦੇ ਭੋਗ ਤੇ ਦੇਗ ਵਰਤਾਈ ਗਈ । ਦੇਗ ਕੜਾਹ ਪ੍ਰਸ਼ਾਦ ਦੀ ਬਾਬਾ ਰਾਮ ਸਿੰਘ ਜੀ ਨੇ ਆਪਣੀ ਹਥੀਂ ਸਜਾਈ ਸੀ, ਅਤੇ ਵਰਤਾਈ ਵੀ ਉਨ੍ਹਾਂ ਨੇ। ਪੰਜਾਂ ਪਿਆਰਿਆਂ ਨੂੰ ਛਾਂਦਾ ਦੇ ਕੇ, ਪਹਿਲਾਂ ਉਸ ਦੇ ਹੱਥਾਂ ਤੇ ਕੜਾਹ ਪ੍ਰਸ਼ਾਦ ਦਾ ਗੱਫਾ ਧਰ ਕੇ ਬਾਬਾ ਜੀ ਨੇ ਆਖਿਆ, "ਇਹ ਪੰਚਾ-ਅੰਮ੍ਰਿਤ ਹੈ, ਔਖਧੀਆਂ ਸਿਰ ਸੱਚੀ ਔਖਧੀ ਹੈ, ਇਸ ਨੂੰ ਛਕੋ ।" ਛਕਣ ਦੀ ਦੇਰ ਹੀ ਸੀ ਕਿ ਉਸ ਦੇ ਸਰੀਰ ਵਿਚ ਸਾਵਧਾਨਤਾ ਹੋ ਗਈ ਅਤੇ ਕਹਿਣ ਲਗਾ ਕਿ ਮੈਨੂੰ ਹੁਣ ਪਕੜੋ ਨਹੀਂ, ਮੈਂ ਆਪ ਬੈਠ ਸਕਦਾ ਹਾਂ । ਸਤਿਗੁਰੂ ਦੀ ਐਸੀ ਅਪਾਰ ਕਿਰਪਾ ਹੋਈ ਕਿ ਅਖੰਡ ਪਾਠ ਦੇ ਭੋਗ ਉਪਰ ਬਿਲਕੁਲ ਨਵਾਂ ਨਰੋਆ ਹੋ ਗਿਆ ਅਤੇ ਤੁਰਨ ਫਿਰਨ ਲਗ ਪਿਆ । ਲੋਕੀ ਦੇਖ ਕੇ ਦੰਗ ਰਹਿ ਗਏ । ਡਾਕਟਰ ਹਕੀਮ ਵੀ ਸੁਣ ਕੇ ਦੰਗ ਹੋ ਗਏ । ਗੱਲ ਕੀ, ਸਾਰੇ ਪਰਵਾਰ ਨੇ ਮਿਲ ਕੇ ਅੰਮ੍ਰਿਤ ਛਕਿਆ ।

ਦੀਨ ਦਇਆਲ ਭਰੋਸੈ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥ (ਪੰਨਾ ੩੩੭)

ਇਸ ਸ਼ਬਦ ਦਾ ਕੀਰਤਨ ਉਨ੍ਹਾਂ ਸਾਰਿਆਂ ਨੇ ਮਿਲ ਕੇ ਕੀਤਾ । ਇਸ ਖ਼ੁਸ਼ੀ ਵਿਚ ਉਸ ਨੇ ਲੰਗਰ ਚਲਾਏ ਅਤੇ ਰਾਜ਼ੀ ਬਾਜ਼ੀ ਹੋ, ਮੁੜ ਟਾਪੂਆਂ ਨੂੰ ਚਲਾ ਗਿਆ, ਤੇ ਬਾਬਾ ਰਾਮ ਸਿੰਘ ਜੀ ਦੀ, ਖ਼ਾਸ ਕਰ ਸਾਰੇ ਜਥੇ ਦੀ ਆਮ ਤੌਰ ਤੇ ਧੰਨ ਧੰਨ ਹੋਣ ਲਗ ਪਈ । ਬਾਬਾ ਜੀ ਨੇ ਸਲਾਹ ਦਿਤੀ ਕਿ ਚਲੋ ਅਸੀਂ ਏਥੋਂ ਹੁਣ ਚਲੀਏ । ਇਹ ਧੰਨ ਧੰਨ ਕੰਨੀਂ ਨਹੀਂ ਸੁਣਨੀ ।

ਇਹ ਇਕ ਵੰਨਗੀ ਹੈ ਉਨ੍ਹਾਂ ਦੇ ਉਦਾਰ-ਚਿਤ ਦੀ ਤੇ ਉਸਤਤ ਨਿੰਦਾ ਤੋਂ ਅਲੇਪ ਰਹਿਣ ਦੇ ਜੀਵਨ ਦੀ ।

ਇਸ ਜੋੜੀ ਦੇ ਪਿਛਲੇ ਸਮੇਂ ਦੀ ਵਾਰਤਾ (ਜਦੋਂ ਅਸੀਂ ਜੇਲ੍ਹ ਅੰਦਰ ਸਾਂ) ਅਨੇਕ ਪ੍ਰਕਾਰੀ ਸਾਡੀ ਸੁਪਤਨੀ ਕਰਤਾਰ ਕੌਰ ਆਪਣੀ ਜ਼ਬਾਨੀ ਵਰਨਣ ਕਰ ਕੇ ਜਦੋਂ ਦਸਦੀ ਸੀ, ਤਾਂ ਅਸੀਂ ਵਜਦ ਵਿਚ ਆ ਜਾਂਦੇ ਸਾਂ । ਉਹ ਬਿਰਹੋਂ ਕਹਾਣੀਆਂ ਵੀ ਜੇ ਅੰਕਿਤ ਕੀਤੀਆਂ ਜਾਣ ਤਾਂ ਬੜਾ ਵਿਸਥਾਰ ਹੋ ਜਾਂਦਾ ਹੈ । ਇਸ ਲਈ ਏਥੇ ਬਸ ਕੀਤਾ ਜਾਂਦਾ ਹੈ ।

['ਰੰਗਲੇ ਸੱਜਣ' ਪੁਸਤਕ ਵਿਚੋਂ
'ਸੂਰਾ' ਅੰਮ੍ਰਿਤਸਰ, ਜੁਲਾਈ ੧੯੬੮



www.AKJ.Org

# ਜਿਸ ਨੋ ਤੇਰੀ ਖੁਸੀ

[ਪ੍ਰੋਫੈਸਰ ਗੁਰਮੁਖ ਸਿੰਘ ਜੀ, 79 ਇੰਦਰਪੁਰੀ, ਸਰਹਿੰਦ ਰੋਡ, ਪਟਿਆਲਾ]

'ਗੁਰੂ ਕੀਆਂ ਖ਼ੁਸ਼ੀਆਂ' ਕੇਵਲ ਗੁਰੂ ਘਰ ਦਾ ਹੀ ਵੱਡਮੁੱਲਾ ਵਿਰਸਾ ਹੈ। ਸਮੁਚੇ ਸਿੱਖ ਇਤਿਹਾਸ ਵਿਚ ਗੁਰੂ ਕੀਆਂ ਖ਼ੁਸ਼ੀਆਂ ਕੇਂਦਰੀ ਬਿੰਦੂ ਬਣੀਆਂ ਰਹੀਆਂ ਹਨ, ਜਿਨ੍ਹਾਂ ਦੁਆਲੇ ਅਨੇਕਾਂ ਗੁਰੂ ਪਿਆਰੇ, ਗੁਰੂ ਚਰਨਾਂ ਦੇ ਭਉਰੇ ਹੱਸ ਹੱਸ ਸ਼ਹੀਦੀਆਂ ਪਾ ਗਏ, ਆਪਣਾ ਤਨ ਮਨ ਧਨ ਗੁਰੂ ਤੋਂ ਨਿਛਾਵਰ ਕਰ ਗਏ। ਸਿੱਖ ਦੇ ਹਿਰਦੇ ਅੰਦਰਲਾ ਗੁਰੂ ਲਈ ਅਥਾਹ ਪਿਆਰ, ਸਿਦਕ ਤੇ ਭਰੋਸਾ ਉਸ ਨੂੰ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਅਧਿਕਾਰੀ ਬਣਾਉਂਦਾ ਹੈ।

ਗੁਰਮਤਿ ਦੀ ਇਹ ਵੱਡਮੁਲੀ ਕਦਰ ਅਜੇ ਭੀ ਸਿੱਖ ਦੇ ਧੁਰ-ਹਿਰਦੇ ਅੰਦਰ ਦਬੀ ਪਈ ਹੈ, ਜ਼ਰਾ ਫਰੋਲਣ ਦੀ ਲੋੜ ਹੈ। ਕਈ ਕਾਮਰੇਡ 'ਗੁਰੂ ਕੀਆਂ ਖ਼ੁਸ਼ੀਆਂ' ਦਾ ਮਜ਼ਾਕ ਭੀ ਉਡਾਉਂਦੇ ਹਨ। ਇਸ ਦੀ ਆਤਮਕ ਮੰਡਲ ਵਿਚ ਜੋ ਕਦਰ-ਕੀਮਤ ਹੈ, ਉਸ ਦੀ ਉਹਨਾਂ ਨੂੰ ਅਜੇ ਸੋਝੀ ਨਹੀਂ। ਅਨਜਾਣ ਨੂੰ ਹੀਰੇ ਦੀ ਪਰਖ ਕਿਵੇਂ ਹੋ ਸਕਦੀ ਹੈ? –ਸੰਪਾਦਕ

ਗਵਾਲੀਅਰ ਦਾ ਬਿਸ਼ੰਭਰ ਦਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਨਿੰਨ ਸਿੱਖ ਸੀ। ਉਸ ਨੇ ਆਪਣੇ ਪੁਤਰ ਨੂੰ ਸਤਿਗੁਰਾਂ ਦੇ ਦਰਸ਼ਨਾਂ ਲਈ ਅਤੇ ਦਰਸ਼ਨ-ਭੇਟ ਪਹੁੰਚਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਭੇਜਿਆ। ਆਪ ਉਹ ਦੁਕਾਨਦਾਰ ਸੀ।

ਬਿਸ਼ੰਭਰ ਦਾਸ ਦਾ ਪੁਤਰ, ਹਰਿ ਗੋਪਾਲ ਪੜਾਓ-ਪੜਾ ਸਫ਼ਰ ਕਰਦਾ ਸ੍ਰੀ ਅਨੰਦਪੁਰ ਸਾਹਿਬ ਪੁਜਾ ਅਤੇ ਸਤਿਗੁਰਾਂ ਦੇ ਚਰਨਾਂ ਤੇ ਆਣ ਸੀਸ ਨਿਵਾਇਆ। ਪਰ ਮਨ ਵਿਚ ਗੁਰੂ ਪ੍ਰਤੀ ਸ਼ੰਕਾ ਦਾ ਬੀਜ ਪੁੰਗਰ ਪਿਆ। ਉਹ ਸਤਿਗੁਰਾਂ ਨੂੰ ਚੰਗੀ ਤਰ੍ਹਾਂ ਪੜਚੋਲਣਾ ਚਾਹੁੰਦਾ ਸੀ ਕਿ ਉਸ ਦੇ ਪਿਤਾ ਨੇ ਕਿਤੇ ਭੁਲੇਖਾ ਤਾਂ ਨਹੀਂ ਖਾਧਾ?

ਲੈ ਕੇ ਤਕੜੀ ਤੋਲਣਿ ਲਾਗਾ, ਘਟ ਹੀ ਮਹਿ ਵਣਜਾਰਾ ॥੪॥੧੭॥

(ਗਉੜੀ ਚੇਤੀ ਮ: ੧, ਪੰਨਾ ੧੫੬)

ਸਤਿਗੁਰਾਂ ਦਾ ਰੂਪ ਰੰਗ, ਚਕ੍ਰ ਚਿਹਨ, ਚਾਲ-ਢਾਲ, ਬੋਲ-ਚਾਲ, ਪਹਿਰਾਵਾ, ਸਭ ਕੁਝ ਹੀ ਤਾਂ ਉਹਨਾਂ ਸਨਾਤਨ-ਧਰਮੀ ਗੇਰੂਏ ਸੰਨਿਆਸੀ ਗੁਰੂਆਂ ਤੋਂ ਵਖ ਸੀ, ਜੋ ਉਸ ਨੇ ਆਪਣੇ ਆਲੇ ਦੁਆਲੇ, ਹਿੰਦੂ ਤੀਰਥਾਂ ਅਤੇ ਧਰਮ-ਅਸਥਾਨਾਂ ਤੇ ਦੇਖੇ ਸਨ। ਉਹ ਜਾਂ ਤਾਂ ਗੇਰੂਏ ਬਸਤਰਾਂ ਵਿਚ ਸਿਰੋਂ ਰੁੰਡ-ਮੁੰਡ, ਭਾਰੇ ਸਰੀਰ ਦੇ ਗੋਗੜਾਂ ਵਾਲੇ "ਸੁਆਮੀ ਜੀ" ਅਖਵਾਉਂਦੇ ਸਨ ਜਾਂ ਫਿਰ ਉਸ ਦੇ ਦਿਮਾਗ ਵਿਚ ਕਿਸੇ ਅਤਿ ਕਰੜੇ ਹੱਠ-ਯੋਗੀ ਦੀ ਤਸਵੀਰ ਸੀ, ਜੋ ਕਈ ਪ੍ਰਕਾਰ ਦੇ ਕਸ਼ਟ ਆਪਣੇ ਸਰੀਰ ਨੂੰ ਦਿੰਦਾ ਸੀ।

ਸਤਿਗੁਰਾਂ ਦੀ ਮੂਰਤਿ ਨਾ ਗੇਰੂਏ ਸੁਆਮੀ ਜੀ ਨਾਲ ਮਿਲਦੀ ਸੀ ਅਤੇ ਨਾ ਹੀ ਸੁੱਕ ਕੇ ਪਿੰਜਰ ਹੋਏ ਕਿਸੇ ਸਿਧ ਜੋਗੀ ਨਾਲ। ਸੋਹਣੇ ਸਜੀਲੇ ਨਵ-ਜੋਬਨ-ਬਾਲਾ ਸਤਿਗੁਰੂ ਨੇ ਸੀਸ ਤੇ ਕਲਗੀ ਸਜਾਈ ਹੋਈ, ਸਮੇਂ ਅਨੁਕੂਲ ਪਰਚਲਤ ਪੁਸ਼ਾਕ ਪਹਿਨੀ ਹੋਈ, ਦੀਵਾਨ ਵਿਚ ਬੈਠੇ ਕੀਰਤਨ ਸੁਣਦੇ, ਫਿਰ ਸੰਗਤਾਂ ਨੂੰ ਉਪਦੇਸ਼ ਦਿੰਦੇ ਉਸ ਨੇ ਸੁਣੇ। ਫਿਰ ਫੌਜੀ ਵਰਦੀ ਵਿਚ ਘੋੜੇ ਤੇ ਚੜ੍ਹੇ ਆਪਣੀਆਂ ਫ਼ੌਜਾਂ ਨੂੰ ਜੰਗੀ ਮਸ਼ਕਾਂ ਤੇ ਕੁਐਦ (exercises) ਕਰਾਉਂਦੇ ਦੇਖਿਆ। ਫਿਰ ਉਹ ਸਰੂਪ ਭੀ ਦੇਖਿਆ ਜਦੋਂ ਸਤਿਗੁਰੂ ਜੀ ਸ਼ਿਕਾਰ ਚੜ੍ਹੇ। ਨੀਲੇ ਘੋੜੇ ਤੇ ਸਵਾਰ, ਹੱਥ ਵਿਚ ਬਾਜ਼ ਹੈ। ਨਾਲ ਕੁਝ ਸਿੰਘ ਹਨ। ਤੀਰ ਕਮਾਨ, ਢਾਲ, ਸਿਰੀ ਸਾਹਿਬ ਨਾਲ ਆਪ ਸੱਜੇ ਹੋਏ ਹਨ। ਇਹ ਭੀ ਸੁਣਿਆ ਸਿੰਘਾਂ ਪਾਸੋਂ ਕਿ ਮਹਾਰਾਜ ਨੇ ਥੋੜੇ ਦਿਨ ਹੋਏ, ਸ਼ੇਰ ਦਾ ਸ਼ਿਕਾਰ ਕੀਤਾ ਸੀ। ਸੰਗਤ ਵਾਲਾ ਰੂਪ ਹੋਰ, ਫ਼ੌਜੀ ਰੂਪ ਹੋਰ, ਸਤਿਗੁਰੂ ਜੀ ਦਾ ਸ਼ਿਕਾਰ ਕਰਨ ਵਾਲਾ ਰੂਪ ਹੋਰ। ਉਸ ਦੇ ਮਨ ਨੇ ਅੰਦਰੋ ਅੰਦਰ ਵਿਦਰੋਹ ਜਿਹਾ ਕੀਤਾ ਕਿ ਇਹ ਗੁਰੂ ਭਾਰਤੀ ਪਰੰਪਰਾ ਵਿਚ ਕਿਸੇ ਤਰ੍ਹਾਂ ਭੀ ਫਿਟ ਨਹੀਂ ਹੋ ਸਕਦਾ। ਮੇਰੇ ਪਿਤਾ



www.AKJ.Org

ਨੇ ਪਤਾ ਨਹੀਂ ਕਿੰਜ ਇਹਨਾਂ ਨੂੰ ਗੁਰੂ ਧਾਰਨ ਕਰ ਲਿਆ ?

ਕੁਝ ਦਿਨ ਸ੍ਰੀ ਅਨੰਦਪੁਰ ਸਾਹਿਬ ਟਿਕਿਆ। ਫਿਰ ਉਹ ਸਮਾਂ ਆਇਆ ਜਦੋਂ ਉਹ ਸਤਿਗੁਰਾਂ ਦੇ ਸਨਮੁਖ ਪੇਸ਼ ਹੋਇਆ ਤੇ ਵਾਪਸ ਮੁੜਨ ਲਈ ਆਗਿਆ ਮੰਗੀ। ਉਸ ਸਮੇਂ ਉਸ ਨੇ ਪਿਤਾ ਵਲੋਂ ਭੇਜੀ ਰਕਮ ਭੀ ਸਤਿਗੁਰਾਂ ਦੇ ਅਗੇ ਭੇਟ ਕੀਤੀ ਤੇ ਪਿਤਾ ਜੀ ਦਾ ਸੁਨੇਹਾ ਦਿੱਤਾ। ਘਟ ਘਟ ਕੀ ਜਾਨਣਹਾਰ ਸਤਿਗੁਰੂ ਜੀ ਨੇ ਭੇਟਾ ਪਰਵਾਨ ਕਰਦੇ ਹੋਏ ਫ਼ੁਰਮਾਇਆ "ਪਿਤਾ ਜੀ ਨੂੰ ਕਹਿਣਾ, 'ਗੁਰੂ ਕੀਆਂ ਖ਼ੁਸ਼ੀਆਂ'।"

ਬਿਸ਼ੰਭਰ ਦਾਸ ਨੂੰ ਤਾਂ ਪਤਾ ਸੀ ਕਿ ਜਿਸ ਨੂੰ 'ਗੁਰੂ ਕੀਆਂ ਖ਼ੁਸ਼ੀਆਂ' ਗੁਰੂ ਪਾਤਸ਼ਾਹ ਤੋਂ ਅਸੀਸ ਵਜੋਂ ਮਿਲ ਜਾਣ, ਉਸ ਦਾ ਲੋਕ ਪਰਲੋਕ ਸੰਵਰ ਜਾਂਦਾ ਹੈ।

ਜਿਸ ਨੋ ਤੇਰੀ ਨਦਰਿ ਨ ਲੇਖਾ ਪੁਛੀਐ ॥ ਜਿਸ ਨੋ ਤੇਰੀ ਖੁਸੀ ਤਿਨਿ ਨਉਨਿਧਿ ਭੁੰਚੀਐ ॥੮॥
(ਰਾਮਕਲੀ ਕੀ ਵਾਰ ਮ: ੫, ਪੰਨਾ ੯੬੧)

ਪਰ ਉਸ ਦੇ ਅਨਜਾਣ ਪੁਤਰ ਨੂੰ ਕੀ ਪਤਾ 'ਗੁਰੂ ਕੀਆਂ ਖ਼ੁਸ਼ੀਆਂ' ਦਾ ਕੀ ਮੁਲ ਹੋ ਸਕਦੈ। ਉਹ ਇਹ ਸੋਚਦਾ ਉਥੋਂ ਚਲ ਪਿਆ ਕਿ ੫੦੦/-ਰੁਪਏ ਵਿਚ ਕੇਵਲ "ਗੁਰੂ ਕੀਆਂ ਖ਼ੁਸ਼ੀਆਂ", ਬਸ! ਮੇਰੇ ਬਾਪ ਨੇ ਇਹ ਕਿਹੋ ਜਿਹਾ ਗੁਰੂ ਬਣਾਇਆ ਹੈ ? ਇਹ ਸੌਦਾ ਤਾਂ ਬੜੇ ਘਾਟੇ ਵਾਲਾ ਹੈ। ਹੁਣ ਤਕ ਮਨ ਅੰਦਰ ਸ਼ੰਕਾ ਦਾ ਬੂਟਾ ਸ੍ਰੀ ਅਨੰਦਪੁਰ ਸਾਹਿਬ ਵਿਚ ਪੱਲ ਕੇ ਕਾਫ਼ੀ ਵੱਡਾ ਹੋ ਚੁਕਾ ਸੀ। ਬੀਜ ਦਾ ਭਾਰ ਘਟ ਹੁੰਦਾ ਹੈ, ਪਰ ਦਰੱਖ਼ਤ ਕਾਫ਼ੀ ਭਾਰਾ ਹੋ ਜਾਂਦਾ ਹੈ।

ਵਿਚਾਰਾ ਸ੍ਰੀ ਅਨੰਦਪੁਰ ਸਾਹਿਬ ਤੋਂ ਤੁਰਨ ਮਗਰੋਂ ਅਜੇ ਪਹਿਲੇ ਪੜਾਅ ਤੇ ਹੀ ਰਾਤ ਰਹਿਣ ਲਈ ਰੁਕਿਆ ਤਾਂ ਉਸ ਨੂੰ ਕੁਦਰਤ-ਨੇਤ ਕਿਸੇ ਗੁਰੂ ਕੇ ਸਿਖ ਦੇ ਘਰ ਦਾ ਮਹਿਮਾਨ ਬਣ ਕੇ ਰਹਿਣਾ ਪਿਆ। ਉਸ ਗੁਰੂ ਕੇ ਸਿਖ ਦੇ ਮਨ ਵਿਚ ਇਹ ਪਿਆਰ ਕਿ ਇਹ ਹੁਣੇ ਹੁਣੇ ਕਲਗੀਆਂ ਵਾਲੇ ਪ੍ਰੀਤਮ ਦੇ ਦਰਸ਼ਨ ਕਰ ਕੇ ਆਇਆ ਹੈ, ਇਸ ਪਾਸੋਂ ਗੁਰੂ ਕੀਆਂ ਬਾਤਾਂ ਸੁਣਾਂਗੇ।

ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ, ਸੋ ਭਾਈ ਸੋ ਮੇਰਾ ਬੀਰ ॥੨॥
ਗੋਂਡ ਮ: ੪, ਪੰਨਾ ੮੬੨

ਰਾਤ ਉਸ ਪਾਸੋਂ ਸਤਿਗੁਰਾਂ ਦੇ ਚੋਜ, ਉਹਨਾਂ ਦੇ ਪਵਿਤਰ ਉਪਦੇਸ਼ ਸੁਣਦਾ ਰਿਹਾ। ਗੱਲਾਂ ਗੱਲਾਂ ਵਿਚ ਉਸ ਨੇ ਉਸ ਸਿਖ ਨੂੰ ਕਹਿ ਹੀ ਦਿੱਤਾ ਕਿ ੫੦੦/-ਰੁਪਏ ਪਿਛੇ ਕੇਵਲ "ਗੁਰੂ ਕੀਆਂ ਖ਼ੁਸ਼ੀਆਂ" ਵਿਹਾਜ ਕੇ ਲਿਆਉਣੀਆਂ ਮੇਰੇ ਨਾਲ ਠੱਗੀ ਵਾਲਾ ਸੌਦਾ ਨਹੀਂ ਤਾਂ ਹੋਰ ਕੀ ਹੈ ? ਸਿੱਖ ਤੋਂ ਬਰਦਾਸ਼ਤ ਨਹੀਂ ਹੋਇਆ। ਉਸ ਨੇ ਕਿਹਾ, "ਜੇ ਤੈਨੂੰ ਇਹ ਸੌਦਾ ਮਹਿੰਗਾ ਲਗਦਾ ਹੈ ਤਾਂ ਭਾਈ ੫੦੦ ਰੁਪਏ ਮੇਰੇ ਪਾਸੋਂ ਲੈ ਲੈ ਅਤੇ 'ਗੁਰੂ ਕੀਆਂ ਖ਼ੁਸ਼ੀਆਂ' ਮੇਰੀ ਝੋਲੀ ਵਿਚ ਪਾ ਦੇ।"

ਅਗਲੀ ਸਵੇਰੇ ਸਿੱਖ ਨੇ ਇਧਰੋਂ ਉਧਰੋਂ, ਕੁਝ ਮੰਗ ਕੇ, ਕੁਝ ਗਹਿਣੇ ਗਿਰਵੀ ਰੱਖ ਕੇ ਉਸ ਬਾਣੀਏ-ਪੁਤ ਨੂੰ ੫੦੦/-ਰੁਪਏ ਨਕਦ ਦੇ ਕੇ ਗੁਰੂ ਕੀਆਂ ਖ਼ੁਸ਼ੀਆਂ ਆਪਣੀ ਝੋਲੀ ਪੁਆ ਲਈਆਂ।

ਗੁਰਮੁਖਿ ਲਾਧਾ, ਮਨਮੁਖਿ ਗਵਾਇਆ ॥੧॥ (ਆਸਾ ਮ: ੪, ਪੰਨਾ ੧੧)

ਉਸ ੫੦੦/-ਨਾਲ ਉਹ ਸ਼ਹਿਰੋ ਸ਼ਹਿਰ ਸਫ਼ਰ ਕਰਦਾ ਤੇ ਵਪਾਰ ਕਰਦਾ ਹੋਇਆ ੩੫੦੦ ਰੁਪਏ ਬਣਾ ਘਰ ਪੁਜਾ ਤੇ ਬੜੇ ਫ਼ਖ਼ਰ ਨਾਲ ਪਿਤਾ ਨੂੰ ਕਹਿਣ ਲਗਾ, "ਵੇਖ ਆਇਆ ਹਾਂ ਤੁਹਾਡਾ ਗੁਰੂ, ਫ਼ੌਜਾਂ ਰਖੀਆਂ ਹੋਈਆਂ ਹਨ, ਸ਼ਿਕਾਰ ਖੇਡਦਾ ਹੈ। ਉਸ ਦੀ ਤਾਂ ਸਾਡੇ ਭਾਰਤੀ ਗੁਰੂਆਂ ਨਾਲ ਬਿਲਕੁਲ ਸ਼ਕਲ ਸੂਰਤ ਨਹੀਂ ਮਿਲਦੀ। ਮੈਂ ਪੰਜ ਸੌ ਰੁਪਏ ਭੇਟ ਕੀਤੇ ਤਾਂ ਅਗੋਂ ਕਹਿਣ ਲਗੇ, ਆਪਣੇ ਪਿਤਾ ਨੂੰ ਕਹਿਣਾ 'ਗੁਰੂ ਕੀਆਂ ਖ਼ੁਸ਼ੀਆਂ'। ਮੈਨੂੰ ਤਾਂ ਇਹ ਸੌਦਾ ਮਹਿੰਗਾ ਲਗਾ। ਪਹਿਲੇ ਪੜਾਅ ਤੇ ਉਹਨਾਂ ਦਾ ਕੋਈ ਸ਼ਰਧਾਲੂ ਮਿਲ ਪਿਆ। ਉਸ ਪ੍ਰੇਮੀ ਨੇ ਮੈਨੂੰ ਰਾਤ ਆਪਣੇ ਪਾਸ ਠਹਿਰਾਇਆ ਤੇ ਅਗਲੇ ਦਿਨ ੫੦੦ ਲੈ ਕੇ ਮੈਂ 'ਗੁਰੂ ਕੀਆਂ ਖ਼ੁਸ਼ੀਆਂ' ਉਸ ਸਿੱਖ ਦੀ ਝੋਲੀ ਪਾ ਆਇਆ ਹਾਂ, ਤੇ ਉਸ ਪੰਜ ਸੌ ਦਾ ਮੈਂ ਪੈਂਤੀ ਸੌ ਬਣਾ ਕੇ ਘਰ ਪਰਤਿਆ ਹਾਂ।"



www.AKJ.Org

ਬਿਸ਼ੰਭਰ ਦਾਸ ਨੂੰ ਕਬੀਰ ਜੀ ਦਾ ਇਹ ਸਲੋਕ ਯਾਦ ਆਇਆ :—

ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ ॥
ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਇਆ ਮਾਲੁ ॥੧੧੫॥ ਪੰਨਾ ੧੩੭੦)

ਹੁਣ ਬਿਸ਼ੰਭਰ ਦਾਸ ਆਪ ਸ੍ਰੀ ਅਨੰਦਪੁਰ ਸਾਹਿਬ ਪੁਜਾ ਅਤੇ ਪੁਤਰ ਦੀਆਂ ਤੇ ਆਪਣੀਆਂ ਭੁਲਾਂ ਬਖਸ਼ਵਾਈਆਂ। ਅਤੇ ਮੁੜ ਕੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਕਸਵੱਟੀ ਇਹ ਹੈ :–

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨ ਮੰਨੇ ॥੨੫॥
(ਗਉੜੀ ਕੀ ਵਾਰ ਮ: ੪, ਪੰਨਾ ੩੧੪)

ਗੁਰ-ਇਤਿਹਾਸ ਦੀ ਇਸ ਸਾਖੀ ਤੋਂ ਗੁਰਮਤੀ ਕਦਰਾਂ ਦੀ ਇਹ ਝਲਕ ਮਿਲਦੀ ਹੈ ਕਿ ਸਿਖ ਅਤੇ ਗੁਰੂ ਦੇ ਵਿਚਕਾਰ ਜੋ ਪ੍ਰਸਪਰ ਸੰਬੰਧ ਹੈ, ਉਸ ਵਿਚ ਦੋ ਗੱਲਾਂ ਵਿਸ਼ੇਸ਼ ਹਨ–

(ੳ) ਹਰ ਸਿਖ ਦਾ ਗੁਰੂ ਪਾਤਸ਼ਾਹ ਨਾਲ ਸਿਧੇ ਤੌਰ ਤੇ ਨਿੱਜੀ ਸੰਬੰਧ ਹੁੰਦਾ ਹੈ ਅਤੇ ਇਹ ਸੰਬੰਧ ਹਮੇਸ਼ਾ ਅੰਤਰ-ਮੁਖੀ ਹੁੰਦਾ ਹੈ। ਇਹ ਬਾਹਰੋਂ ਦਿਖਾਇਆ ਨਹੀਂ ਜਾ ਸਕਦਾ। ਅਤੇ ਨਾ ਹੀ ਗੁਰੂ ਬਾਹਰ ਦੇ ਦਿਖਾਵੇ ਨਾਲ ਪਤੀਜਦਾ ਹੈ।

ਬਾਹਰ ਭੇਖਿ ਨ ਪਾਈਐ ਪ੍ਰਭੁ ਅੰਤਰਜਾਮੀ ॥੧੪॥ (ਮਾਰੂ ਕੀ ਵਾਰ ਮ: ੫, ੧੦੯੯)

(ਅ) ਅਤੇ ਦੂਜੀ ਨਿਸ਼ਾਨੀ ਇਹ ਹੈ ਕਿ ਇਸ ਨਿਜੀ ਸੰਬੰਧ ਵਿਚ ਸਦਾ ਖੇੜਾ ਹੀ ਖੇੜਾ ਹੈ। ਦੁਨੀਆ ਦਾ ਕੋਈ ਭੀ ਪਦਾਰਥ ਇਸ ਨੂੰ ਖ਼ਰੀਦ ਨਹੀਂ ਸਕਦਾ। ਜਿਵੇਂ ਕਿ ਗੁਰ-ਵਾਕ ਹੈ—

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ਰਹਾਉ॥ (ਧਨਾਸਰੀ ਰਵਿਦਾਸ ਜੀ, ਪੰਨਾ ੬੯੪)
ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥(੧)
(ਗਉੜੀ ਕਬੀਰ ਜੀ, ਪੰਨਾ ੩੨੭)

ਗੁਰੂ ਘਰ ਦੀਆਂ ਪਰਚਲਤ ਸਾਖੀਆਂ ਤੋਂ ਇਹੋ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਵਣਜਾਰੇ ਸਿੱਖ ਗੁਰੂ ਪਾਸ ਜਦੋਂ ਸੱਚੇ ਨਾਮ ਦੇ ਵਪਾਰੀ ਬਣ ਕੇ ਆਉਂਦੇ ਤਾਂ ਨਾਮ ਵਰਗੀ ਅਮੋਲਕ ਵਸਤੂ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਉਹ ਗੁਰੂ ਕੀਆਂ ਖ਼ੁਸ਼ੀਆਂ ਦੇ ਪਾਤਰ ਬਣਦੇ ਸਨ। ਧੰਨ ਭਾਈ ਲਹਿਣਾ ਜੀ, ਜਿਨ੍ਹਾਂ ਨੇ ਕਿਤਨੇ ਬਰਸਾਂ ਦੀ ਅਤਿ ਕਰੜੀ ਘਾਲਨਾ ਅਤੇ ਅਤਿ ਕਰੜੀਆਂ ਪ੍ਰੀਖਿਆਵਾਂ ਵਿਚੋਂ ਪਾਸ ਹੋ ਕੇ ਗੁਰੂਦੇਵ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਧੰਨ ਹਨ ਸ੍ਰੀ ਗੁਰੂ ਅਮਰਦਾਸ ਜੀ, ਜਿਨ੍ਹਾਂ ਕੁੜਮਾਚਾਰੀ ਦੀ ਪਰਵਾਹ ਨਾ ਕਰ ਕੇ ੧੨ ਸਾਲ ਬਿਖਮ ਘਾਲ ਕਮਾਈ-ਸੇਵਾ ਕਰ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਅਤੇ ਜਦੋਂ ਗੁਰੂ ਪ੍ਰਸੰਨ ਹੁੰਦਾ ਹੈ ਤਾਂ ਉਹ ਸਿੱਖ ਨੂੰ ਆਪਣੇ ਵਰਗਾ ਹੀ ਬਣਾ ਲੈਂਦਾ ਹੈ। ਇਹ ਖੇਲ ਨਿਰਾਲੀ ਹੈ। ਇਸਨੂੰ ਭਾਰਤੀ ਧਰਮ-ਚਿੰਤਕ ਨਹੀਂ ਸਮਝ ਸਕੇ। ਰਾਮ ਅਤੇ ਹਨੂੰਮਾਨ ਦੇ ਸੰਬੰਧ ਗੁਰੂ ਚੇਲੇ ਵਾਲੇ ਤਾਂ ਜ਼ਰੂਰ ਸਨ, ਪਰ ਰਾਮ ਨੇ ਗੁਰੂ ਹੁੰਦੇ ਹੋਏ ਭੀ ਹਨੂੰ-ਮਾਨ ਨੂੰ ਆਪਣੇ ਜਿਹਾ ਨਾ ਕਰ ਲਿਆ। ਉਹ ਅਖ਼ੀਰ ਤਕ ਬਾਂਦਰ ਹੀ ਰਿਹਾ। ਜਦ ਕਿ ਗੁਰੂ ਨਾਨਕ ਦੇਵ ਜੀ ਸ੍ਰੀ ਅੰਗਦ ਜੀ ਵਿਚ ਆਪਣਾ ਆਪ ਸਮੋ ਗਏ। ਜਾਂ ਇਉਂ ਕਹੋ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਪ ਧਾਰਨ ਕਰ ਲਿਆ। ਇਸ "ਰੂਪੁ ਦਿਖਾਵਣਿ ਵਾਰੋ ਵਾਰੀ"* ਵਾਲੀ ਭਾਈ ਗੁਰਦਾਸ ਜੀ ਦੀ ਗੁਰੂ ਸਾਹਿਬਾਨ ਪ੍ਰਤੀ ਆਈ ਟੂਕ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਬੜੇ ਸਪੱਸ਼ਟ ਰੂਪ ਵਿਚ ਦਰਸਾਇਆ ਹੈ–

ਨਾਨਕ ਅੰਗਦ ਕੋ ਬਪੁ[1] ਧਰਾ ॥ ਧਰਮ ਪ੍ਰਚੁਰ ਇਹ ਜਗ ਮੋ ਕਰਾ ॥
ਅਮਰਦਾਸ ਪੁਨਿ ਨਾਮੁ ਕਹਾਯੋ ॥ ਜਨ[2] ਦੀਪਕ ਤੇ ਦੀਪ ਜਗਾਯੋ ॥੭॥......

* ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੮ ੧. ਸਰੀਰ, ਰੂਪ। ੨. ਜਾਣੋ, ਮਾਨੋ।



www.AKJ.Org

ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥ ਅਮਰਦਾਸ ਅੰਗਦ ਪਹਿਚਾਨਾ ॥
ਅਮਰਦਾਸ ਰਾਮਦਾਸ ਕਹਾਯੋ ॥ ਸਾਧਨਿ ਲਖਾ ਮੂੜ੍ਹ ਨਹਿ ਪਾਯੋ ॥੯॥
ਭਿੰਨ ਭਿੰਨ ਸਭਹੂੰ ਕਰਿ ਜਾਨਾ ॥ ਏਕ ਰੂਪ ਕਿਨਹੂੰ ਪਹਿਚਾਨਾ॥......੧੦॥

(ਬਚਿਤ੍ਰ ਨਾਟਕ, ਪਾ: ੧੦, ਅਧਿਆਇ ੫)

ਗੁਰਮਤਿ ਦੀ ਇਹ ਸਭ ਤੋਂ ਵਿਲੱਖਣ ਕਦਰ-ਕੀਮਤ ਹੈ। ਸੰਸਾਰ ਦੇ ਕਿਸੇ ਧਰਮ ਨੇ ਗੁਰੂ ਦੀ ਖ਼ੁਸ਼ੀ ਦਾ ਮੁਲ ਇਉਂ ਨਹੀਂ ਤਾਰਿਆ ਜਿਵੇਂ ਗੁਰੂ ਸਾਹਿਬਾਨ ਇਨਸਾਨੀ ਜਾਮੇ ਵਿਚ ਵਿਚਰਦੇ ਹੋਏ ਸਿੱਖਾਂ ਨੂੰ ਨਿਹਾਲੋ ਨਿਹਾਲ ਕਰਦੇ ਰਹੇ।

ਬਿਸ਼ੰਭਰ ਦਾਸ ਦੇ ਲੜਕੇ ਨੂੰ ਤਾਂ ਦਸਮ ਪਾਤਸ਼ਾਹ ਦੇ ਤਿੰਨ ਰੂਪਾਂ ਵਿਚ ਦਰਸ਼ਨ ਕਰ ਕੇ ਤਕੜਾ ਭੁਲੇਖਾ ਲਗ ਗਿਆ ਸੀ, ਪਰ ਅੱਜ ਤਾਂ ਸਤਿਗੁਰੂ ਜੀ ਨੇ ਇਕ ਹੋਰ ਰੂਪ ਵਟਾਇਆ ਹੋਇਆ ਹੈ। ਦੇਹ ਸਰੂਪ ਤੋਂ ਅਲੋਪ ਹੋ ਕੇ ਹੁਣ ਆਪ ਜੋਤਿ ਸਰੂਪ ਵਿਚ ਪ੍ਰਕਾਸ਼ਮਾਨ ਹਨ। ਸਨ ਤਾਂ ਪਹਿਲੋਂ ਭੀ ਜੋਤਿ ਸਰੂਪ ਵਿਚ, ਪਰ ਮਨੁਖੀ ਜਾਮੇ ਵਿਚ ਸਿਖ ਸੰਗਤਾਂ ਅਤੇ ਹੋਰ ਸੰਸਾਰ ਨੂੰ ਆਪ ਦਰਸ਼ਨ ਦੇ ਰਹੇ ਸਨ। ਸਮਾਂ ਆਉਣ ਤੇ ਉਨ੍ਹਾਂ ਦੀ ਉਚਾਰੀ ਹੋਈ ਧੁਰ ਕੀ ਬਾਣੀ ਸਮੱਗਰ ਰੂਪ ਵਿਚ ਇਕੱਤਰ ਹੋ ਕੇ ਗੁਰ-ਗਦੀ ਤੇ ਬਿਰਾਜਮਾਨ ਹੋ ਗਈ। ਬਾਣੀ ਦੇ ਗੁਰੂ ਹੋਣ ਸੰਬੰਧੀ ਇਸ਼ਾਰਾ ਤਾਂ ਸ੍ਰੀ ਗੁਰੂ ਰਾਮਦਾਸ ਜੀ ਹੀ ਕਰ ਗਏ ਸਨ :–

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥੫॥ (ਨਟ ਮ: ੪, ਪੰਨਾ ੯੮੨)

ਗੁਰੂ ਦੇ ਦੇਹ ਸਰੂਪ ਸੰਬੰਧੀ ਭੁਲੇਖੇ ਨੂੰ ਦੂਰ ਕਰਨ ਲਈ ਇਸ਼ਾਰਾ ਕਰਦੇ ਹੋਏ ਪੰਜਵੇਂ ਪਾਤਸ਼ਾਹ ਇਕ ਥਾਂ ਫੁਰਮਾਉਂਦੇ ਹਨ ਕਿ ਗੁਰੂ ਨੂੰ ਦੇਹ ਸਰੂਪ ਨਾ ਸਮਝੋ, ਇਹ ਤਾਂ ਜੋਤਿ ਸਰੂਪ ਨਿਰੰਕਾਰ ਆਪ ਹੀ ਹੈ–

ਦੂਜਾ ਨਹੀ ਜਾਨੈ ਕੋਇ ॥ ਸਤਿਗੁਰੁ ਨਿਰੰਜਨੁ ਸੋਇ ॥
ਮਾਨੁਖ ਕਾ ਕਰਿ ਰੂਪੁ ਨ ਜਾਨੁ ॥ ਮਿਲੀ ਨਿਮਾਨੇ ਮਾਨੁ ॥੨॥......
ਗੁਰ ਕਾ ਬਚਨੁ ਜਪਿ ਮੰਤੁ ॥ ਏਹਾ ਭਗਤਿ ਸਾਰ ਤਤੁ ॥
ਸਤਿਗੁਰ ਭਏ ਦਇਆਲ ॥ ਨਾਨਕ ਦਾਸ ਨਿਹਾਲ ॥੪॥੨੮॥੩੯॥

ਰਾਮਕਲੀ ਮ: ੧, ਪੰਨਾ ੮੯੫

ਸਤਿਗੁਰਾਂ ਦੇ ਅਜੋਕੇ ਬਾਣੀ ਅਤੇ ਜੋਤਿ ਸਰੂਪ ਦਾ ਸਿਖਾਂ ਨੂੰ ਤਕੜਾ ਭੁਲੇਖਾ ਪੈਣ ਕਰਕੇ ਅਸੀਂ ਭੀ ਬਿਸ਼ੰਭਰ ਦਾਸ ਦੇ ਪੁਤਰ ਵਾਂਗ ਡੋਲ ਰਹੇ ਹਾਂ। ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ, ਗੁਰੂ ਕੇ ਬਚਨਾਂ ਤੇ, ਗੁਰੂ ਦੀ ਦ੍ਰਿੜ੍ਹਾਈ ਰਹਿਤ ਤੇ ਪਹਿਰਾ ਦੇਣਾ ਬਹੁਤ ਹੀ ਲਾਜ਼ਮੀ ਹੈ। ਪਰ ਜੇ ਅਸੀਂ ਗੁਰੂ ਕੀਆਂ ਖ਼ੁਸ਼ੀਆਂ ਲੈਣ ਲਈ ਆਪਣੇ ਮਨੋਂ ਚਿਤੋਂ ਆਪਣੇ ਆਪ ਨੂੰ ਅਜੇ ਤਿਆਰ-ਬਰ-ਤਿਆਰ ਨਹੀਂ ਕਰਦੇ ਤਾਂ ਇਹ ਜਨਮ ਤਾਂ ਲੋਕਾਂ ਨੂੰ ਹੀ ਖ਼ੁਸ਼ ਕਰਨ ਵਿਚ ਮੁਕਦਾ ਜਾਏਗਾ, ਜਿਨ੍ਹਾਂ ਤੋਂ ਸਾਨੂੰ ਪਰਲੋਕ ਵਿਚ ਸਹਾਈ ਹੋਣ ਦੀ ਤਾਂ ਕੀ, ਇਸ ਲੋਕ ਵਿਚ ਭੀ ਸਹਾਈ ਹੋਣ ਦੀ ਕੋਈ ਆਸ ਨਹੀਂ ਹੋ ਸਕਦੀ।

ਅੱਜ ਭੀ ਵੇਖਣ ਵਿਚ ਆਉਂਦਾ ਹੈ ਕਿ ਹਰ ਸਿੱਖ ਦਾ ਇਹ ਪ੍ਰਵਿਰਤਕ (instinctive) ਜਤਨ ਰਿਹਾ ਹੈ ਕਿ ਉਹ ਹਰ ਖ਼ੁਸ਼ੀ ਦੇ ਮੌਕੇ ਗੁਰੂ ਕੀਆਂ ਖ਼ੁਸ਼ੀਆਂ ਲਵੇ। ਇਸ ਪ੍ਰਕ੍ਰਿਆ ਦਾ ਬਾਹਰਲਾ ਸਰੂਪ, ਕੁਝ ਮਕੈਨਿਕੀ ਜਿਹਾ (mechanical) ਬਣਦਾ ਜਾਂਦਾ ਹੈ। ਰਸਮੀ ਤੌਰ ਤੇ ਸ੍ਰੀ ਅਖੰਡਪਾਠ ਜਾਂ ਸਹਿਜਪਾਠ ਉਹਨਾਂ "ਭਾਈਆਂ" ਤੋਂ ਕਰਵਾਉਣਾ ਜਿਨ੍ਹਾਂ ਦਾ ਪਾਠ ਕਰਨਾ ਕਿੱਤਾ ਬਣ ਗਿਆ ਹੈ। ਉਹ ਕਦੇ ਭੀ ਪ੍ਰੇਮ ਨਾਲ ਬਾਣੀ ਨਹੀਂ ਪੜ੍ਹ ਸਕਦੇ। ਅਤੇ ਜਿਨ੍ਹਾਂ ਤੋਂ ਬਾਣੀ ਦੇ ਪਾਠ ਕਰਨ ਵਿਚ ਕਈ ਪ੍ਰਕਾਰ ਦੀਆਂ ਬੇਅਦਬੀਆਂ ਕੀਤੀਆਂ ਜਾਣੀਆਂ ਸੁਭਾਵਕ ਬਣ ਗਈਆਂ ਹਨ। ਉਹ ਪਾਠੀ ਇਸੇ ਵਿਚ ਤਸੱਲੀ ਸਮਝਦੇ ਹਨ ਕਿ ਭੋਗ ਸਮੇਂ ਅਰਦਾਸੇ ਵਿਚ 'ਭੁਲ ਚੁਕ ਮਾਫ਼ ਕਰਨਾ' ਕਹਿ ਕੇ ਭੁਲ ਬਖ਼ਸ਼ਾ ਲੈਣਾ ਹੀ ਕਾਫ਼ੀ ਹੈ ਤੇ ਇਸ ਤਰ੍ਹਾਂ ਸਾਰੀ ਉਮਰ


www.AKJ.Org

ਉਹ ਭੁਲਾਂ ਹੀ ਕਰੀ ਜਾਂਦੇ ਹਨ ਤੇ ਮਾਫ਼ੀਆਂ ਭੀ ਮੰਗੀ ਜਾਂਦੇ ਹਨ। ਗੁਰੂ ਕੀਆਂ ਖ਼ੁਸ਼ੀਆਂ ਨਾ ਅਜਿਹੇ ਪਾਠੀਆਂ ਨੂੰ ਮਿਲਦੀਆਂ ਹਨ ਅਤੇ ਨਾ ਪਾਠ ਕਰਵਾਉਣ ਵਾਲਿਆਂ ਨੂੰ। ਇਹ ਤਾਂ ਸਿੱਖ ਦੀ ਮਨੋ-ਭਾਵਨੀ ਤੇ ਮੁਨੱਹਸਰ ਹੈ। ਜੇ ਪਾਠ ਰਸਮੀ ਹੈ ਤਾਂ ਖ਼ੁਸ਼ੀਆਂ ਭੀ ਤਾਂ 'ਰਸਮੀ' ਹੀ ਮਿਲਣਗੀਆਂ।

ਅਜਿਹੇ ਪਾਠਾਂ ਦੇ ਭੋਗ ਸਮੇਂ ਕਿੱਤਾ-ਧਾਰੀ ਰਾਗੀ ਸਿੰਘਾਂ ਪਾਸੋਂ ਵੱਡੀਆਂ ਵੱਡੀਆਂ ਰਕਮਾਂ ਹਜ਼ਾਰਾਂ ਰੁਪਏ ਦੇ ਕੇ ਕਥਾ-ਸੰਮਿਲਤ ਕੀਰਤਨ ਕਰਵਾਇਆ ਜਾਂਦਾ ਹੈ। ਲੋਕਾਂ ਵਿਚ ਬੜੀ ਵਾਹ ਵਾਹ ਹੁੰਦੀ ਹੈ ਕਿ ਰਾਗੀ ਸਿੰਘਾਂ ਨੇ ਬੜਾ ਰੰਗ ਬੰਨ੍ਹਿਆ ਹੈ। ਵੇਖਣ ਵਿਚ ਆਇਆ ਹੈ ਅਜਿਹੇ ਮੌਕੇ ਤੇ ਇਸੇ ਇਕੋ ਪੰਗਤੀ ਨੂੰ ਬੜੇ ਜ਼ੋਰ ਸ਼ੋਰ ਨਾਲ ਗਾਇਨ ਕੀਤਾ ਜਾਂਦਾ ਹੈ, ਭਾਵੇਂ ਇਹ 'ਰਹਾਉ' ਦੀ ਤੁਕ ਭੀ ਨਹੀਂ ਹੈ ਅਤੇ ਸਾਰਾ ਜ਼ੋਰ "ਲਖ ਖੁਸੀਆਂ ਪਾਤਿਸ਼ਾਹੀਆਂ" ਤੇ ਲਾਇਆ ਜਾਂਦਾ ਹੈ:—ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇ॥੨॥੭੬॥[ਪੰਨਾ ੪੪

ਪਰ ਇਥੇ ਤਾਂ 'ਜੇ ਸਤਿਗੁਰੁ ਨਦਰਿ ਕਰੇ' ਦੀ ਸ਼ਰਤ ਬੜੀ ਲਾਜ਼ਮੀ ਹੈ।

ਮੁਕਦੀ ਗੱਲ ਇਹ ਹੈ ਕਿ ਕਿੱਤਾਧਾਰੀਆਂ ਤੋਂ ਪਾਠ ਜਾਂ ਕੀਰਤਨ ਦੀ ਮੋਖ ਦੇ ਕੇ ਸੇਵਾ ਕਰਵਾਉਣ ਨਾਲੋਂ ਤਾਂ ਇਹ ਸੇਵਾ ਰਸਮੋ ਰਸਮੀ ਨਹੀਂ, ਬਲਕਿ ਆਪ ਕਰ ਲੈਣੀ ਜਾਂ ਸਤਸੰਗੀਆਂ ਨਾਲ ਰਲ-ਮਿਲ ਕੇ ਪੂਰਨ-ਪ੍ਰੇਮ ਤੇ ਪਰਤੀਤ ਵਿਚ ਜੁੜ ਕੇ ਕਰਨ ਨਾਲ ਸਤਿਗੁਰੂ ਜੀ ਦੀ ਨੇੜਤਾ ਦੀ ਬਖਸ਼ਸ਼ ਹੁੰਦੀ ਹੈ ਤੇ ਫਿਰ 'ਗੁਰੂ ਕੀਆਂ ਖ਼ੁਸ਼ੀਆਂ' ਦਾ ਪਰਵਾਹ ਚਲ ਪੈਂਦਾ ਹੈ। ਕਿਉਂਕਿ ਲੋਕ ਵਿਖਾਵੇ ਤੇ ਲੋਕ ਹੀ ਖ਼ੁਸ਼ ਹੋ ਸਕਦੇ ਹਨ, ਪਰ ਗੁਰੂ ਤਾਂ ਸਾਡੇ ਪਿਆਰ ਤੇ ਰੀਝਦਾ ਹੈ— ਗੋਬਿੰਦ ਭਾਉ-ਭਗਤਿ ਦਾ ਭੁਖਾ ॥੭॥ ਭਾ: ਗੁਰਦਾਸ ਜੀ, ਵਾਰ ੧੦

---

## ਲੈ ਗਿਆ ਕੌਣ ?

ਸ: ਅਤਰ ਸਿੰਘ 'ਨੀਰ'
289 A/Q.U. ਪੀਤਮਪੁਰਾ, ਦਿਲੀ 34

ਪੰਜਾਬ ਮੇਰੇ ਦਾ ਲੈ ਗਿਆ ਕੌਣ ਸੁਣੱਖਾ ਰੂਪ ? ਕਿਸ ਵੈਰੀ ਨੇ ਇਸ ਧਰਤੀ ਦੀ ਲਈ ਸੁੰਦਰਤਾ ਚੂਪ ?
ਕਿਸ ਪਾਪੀ ਨੇ ਜ਼ਹਿਰ ਘੋਲਿਆ ਗੰਦੀ ਹੋਈ ਫ਼ਿਜ਼ਾ ? ਮਿੱਠਾ ਮਿੱਠਾ ਪੌਣ ਰਾਣੀ ਵੀ ਬੈਠੀ ਰੱਜ ਗਵਾ ?
ਨਦੀਆਂ ਨਾਲੇ ਨਹਿਰਾਂ ਝਰਨੇ ਸਾਰੇ ਨੇ ਚੁਪ ਚਾਪ। ਪੰਛੀਆਂ ਦੇ ਵੀ ਗਲੇ ਰਹੇ ਨੇ ਮਾਰੂ ਰਾਗ ਅਲਾਪ।
ਰੱਬ ਦੇ ਘਰ ਵੀ ਸੁੰਞੇ ਦਿਸਣ, ਕੀ ਬੰਦਿਆਂ ਦਾ ਕਹਿਣਾ। ਮਨੁਖਤਾ ਤੇ ਸੰਸਕ੍ਰਿਤੀ ਦਾ ਨ ਢੋਲਕ ਨ ਛੈਣਾ।
ਹਰ ਜ਼ਿੰਦਗੀ ਦੇ ਸਾਜ਼ ਤੋਂ ਨਿਕਲੇ ਸੋਜ਼ਾਂ ਭਰੀ ਆਵਾਜ਼। ਨਹੁੰ ਮਾਸ ਨੂੰ ਪਾੜ ਪਾੜ ਕੇ ਕੀਤਾ ਦੂਰ-ਦਰਾਜ਼।
ਵਹਿਸ਼ੀਪੁਣੇ ਦਰਿੰਦਗੀ ਦਾ ਵਧਿਆ ਐਸਾ ਘੇਰ। ਚਿੱਟੇ ਦਿਨ ਦੇ ਚਾਨਣ ਅੰਦਰ ਛਾਇਆ ਘੁਪ ਹਨੇਰ।
ਵਾੜ ਖੇਤ ਨੂੰ ਖਾਵਣ ਲਗੀ, ਉਲਟ ਗਈਆਂ ਸਭ ਰੀਤਾਂ। ਦੇਸ਼ ਦੇ ਰਾਖਿਆਂ ਲਈ ਬੰਦ ਹੋਏ ਰਸਤੇ, ਬੂਹੇ, ਝੀਤਾਂ।
ਘਰ ਦੇ ਪਾਹਰੂ ਢਾਹੁਣ ਲਗੇ ਘਰ ਦੀ ਚਾਰ-ਦੀਵਾਰੀ। ਬਾਗ਼ ਦੇ ਮਾਲੀ ਵਢਣ ਲੱਗ ਪਏ ਆਪ ਹੀ ਖ਼ੁਦ ਫੁਲਵਾੜੀ।
ਨਚੇ ਪਈ ਕਦੂਰਤ ਨਫ਼ਰਤ ਜ਼ਾਹਰਾ ਹੀ ਹਰ ਪਾਸੇ। ਲਹੂ ਦੀ ਸਾਂਝਾਂ ਵਾਲੇ ਦਿਸਣ ਬਣੇ ਖ਼ੂਨ-ਪਿਆਸੇ।
ਕਿਣਕੇ ਕਿਣਕੇ ਵਿਚੋਂ ਚੀਸਾਂ, ਚੁਭਕਾਂ ਦੇਣ ਦਿਖਾਲੀ। ਰੂਹ ਰੂਹ ਹੋਈ ਜ਼ਖਮੀ ਦਿਸੇ, ਸੁੰਨ ਸੋਚ ਤੋਂ ਖ਼ਾਲੀ।
ਦੇਸ਼ ਦੇ ਰਾਖੇ ਕੁਟੇ ਜਾਂਦੇ ਸੜਕਾਂ ਉਤੇ ਆਮ। ਅਕ੍ਰਿਤਘਣਤਾ ਤੇ ਗੁੰਡਾ-ਗਰਦੀ ਹੋਈਆਂ ਬੇਲਗਾਮ।
ਕਿਸ ਲਈ, ਕਿਉਂ ਇਹ ਕਾਰੇ, ਕੋਹੜੇ ਅੰਦਰ ਮਾਰੋ ਝਾਤੀ ? ਦਾਨਸ਼ਮੰਦੋ, ਆਪਣੇ ਹਥੀਂ ਲਾਵੋ ਕਿਉਂ ਚੁਆਤੀ ?
ਇਕ ਦੂਜੇ ਨੂੰ ਮਾਣ ਮੁਰੱਵਤ ਦਿਤਿਆਂ ਮਾਣ ਹੈ ਮਿਲਦਾ।ਪਿਆਰਾਂ ਦੇ ਸੰਗ ਸਿੰਜਰਿਆ ਹੋਇਆ ਦਿਲ-ਬੂਟਾ ਹੈ ਖਿਲਦਾ
ਵਿੰਗੀਆਂ ਮਾੜੀਆਂ ਤਰਬਾਂ ਉਤੇ ਸੰਵਰੇ ਹੱਥ ਚਲਾਉ। ਦੇਸ਼ ਦੀ ਟੁਟ ਰਹੀ ਪਿਆਰ-ਵੀਣਾ ਨੂੰ ਰਲ ਕੇ ਸਭ ਬਚਾਉ।
ਦੇਸ਼-ਹਿਤਾਂ ਦੀ ਰਾਖੀ ਤਾਂ ਹੈ, ਜੇ ਇਕ ਦੂਜੇ ਨੂੰ ਜਾਣੋ। ਇਕ ਦੂਜੇ ਦੀ ਕਦਰ ਤੇ ਕੀਮਤ ਸਚੇ ਦਿਲੋਂ ਪਛਾਣੋ।
ਹੱਕ ਕਿਸੇ ਦਾ ਮਾਰੋ ਨਾਹੀ, ਹੱਕ ਦੇ ਕੇ ਖ਼ੁਸ਼ ਹੋਵੋ। ਗੈਰਤ ਦੀ ਕੰਡਿਆਰੀ ਕਢ ਕੇ ਬੀਜ ਪ੍ਰੇਮ ਦਾ ਬੋਵੋ।
ਇਹ ਹੈ ਦੇਸ਼ ਦੀ ਸੱਚੀ ਭਗਤੀ, ਦੇਸ਼ ਦੀ ਸੱਚੀ ਸੇਵਾ। ਦੇਸ਼-ਵਾਸੀਓ ਜੁੜ ਕੇ ਰਵ੍ਹੋ, ਜਿਉਂ ਮੁੰਦਰੀ ਵਿਚ ਥੇਵਾ।
ਪੱਕੀ ਗੱਲ ਸਿਆਣਿਆਂ ਆਖੀ ਚਾਲੀ ਸੇਰੀ ਮੱਣ ਦੀ। ਦੁੱਧ ਦੇ ਅੰਦਰ ਕਾਂਜੀ ਪਾਇਆਂ ਖੀਰ ਕਦੇ ਨਹੀਂ ਬਣਦੀ।
ਮੇਲ ਦਾ ਨਾਲ ਸੁਹੱਪਣ ਤੁਹਾਡਾ, ਇੱਜ਼ਤ ਮਾਣ ਵਡਾਈ। ਆ ਨਹੀਂ ਸਕਦੀ 'ਨੀਰ' ਦੇਸ਼ ਤੇ ਕਦੇ ਵੀ ਆਫ਼ਤ ਕਾਈ।

www.AKJ.Org

## ਭਾਈ ਸਾਹਿਬ ਰਣਧੀਰ ਸਿੰਘ ਜੀ ਦੇ

# ਪ੍ਰੀਤਵਾਨਾਂ ਦੇ ਹੱਡੀਂ ਵਾਪਰੇ ਸਮਾਚਾਰ

ਗੁਰਪੁਰ ਵਾਸੀ ਪ੍ਰੋਫ਼ੈਸਰ ਠਾਕਰ ਸਿੰਘ ਜੀ, ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਮੁਢਲੇ ਪ੍ਰੀਤਵਾਨਾਂ ਵਿਚੋਂ ਸਨ। ਭਾਈ ਸਾਹਿਬ ਆਪ ਨੂੰ ਪਿਆਰ ਨਾਲ 'ਜੋਗੀ' ਕਹਿ ਕੇ ਪੁਕਾਰਦੇ ਹੁੰਦੇ ਸਨ। ਭਾਈ ਸਾਹਿਬ ਦੇ ਜੇਲ੍ਹ-ਯਾਤਰਾ ਜਾਣ ਤੋਂ ਪਹਿਲਾਂ ਆਪ ਹਰ ਸ਼ਨੀਵਾਰ ਸ਼ਾਮ ਨੂੰ ਲੁਧਿਆਣਾ-ਕਾਲਜ ਤੋਂ ੧੬ ਮੀਲ ਸਾਈਕਲ ਤੇ ਸਵਾਰ ਹੋ ਕੇ ਨਾਰੰਗਵਾਲ ਪੁਜਦੇ ਅਤੇ ਦੋ ਦਿਨ ਭਾਈ ਸਾਹਿਬ ਜੀ ਦੀ ਸੰਗਤ ਵਿਚ ਨਾਮ ਬਾਣੀ ਕੀਰਤਨ ਦਾ ਅਨੰਦ ਮਾਣਦੇ। ਪ੍ਰੋਫ਼ੈਸਰ ਜੀ ਭਾਈ ਸਾਹਿਬ ਜੀ ਦੇ ਸੰਗ ਸਾਥ ਰਹਿੰਦਿਆਂ ਅਨੇਕਾਂ ਕੌਤਕ ਵੇਖਦੇ ਰਹੇ। ਉਨ੍ਹਾਂ ਦੀਆਂ ਬਿਆਨ ਕੀਤੀਆਂ ਘਟਨਾਵਾਂ ਵਿਚੋਂ ਦੋ ਹੇਠਾਂ ਦਿਤੀਆਂ ਜਾ ਰਹੀਆਂ ਹਨ।

—ਸੰਪਾਦਕ

### ਪ੍ਰੋ: ਪੂਰਨ ਸਿੰਘ ਜੀ ਦੇ ਅਕਾਲ ਚਲਾਣੇ ਸਮੇਂ ਅਰਦਾਸ–

ਇਕ ਵੇਰ ੧੯੩੧ ਵਿਚ ਦਾਸ ਭਾਈ ਸਾਹਿਬ ਦੇ ਦਰਸ਼ਨ ਨੂੰ ਗਿਆ। ਸ਼ਾਮ ਨੂੰ ਸੋਦਰ ਦਾ ਪਾਠ ਤੇ ਕੀਰਤਨ ਹੋਇਆ। ਅੰਮ੍ਰਿਤ ਵੇਲੇ ਵੀ ਦੀਵਾਨ ਲਗਾ ਤੇ ਰਲ ਮਿਲ ਕੇ ਕੀਰਤਨ ਕੀਤਾ। ਅਗਲੀ ਸ਼ਾਮ ਨੂੰ ਸੋਦਰ ਤੋਂ ਪਹਿਲਾਂ ਹੀ ਸ੍ਰੀਮਾਨ ਜੀ ਉਪਰ ਚੁਬਾਰੇ ਵਾਲੇ ਗੁਰ-ਅਸਥਾਨ ਵਿਚ ਚਲੇ ਗਏ। ਕੁਛ ਦੇਰ ਪਿਛੋਂ ਦਾਸ ਵੀ ਉਪਰ ਗਿਆ। ਦੇਖਾਂ ਤਾਂ ਸ੍ਰੀਮਾਨ ਜੀ ਸੱਚੇ ਪਾਤਸ਼ਾਹ ਦੀ ਹਜ਼ੂਰੀ ਖੜੇ ਅਰਦਾਸ ਕਰ ਰਹੇ ਹਨ। ਬੈਠ ਕੇ ਉਨ੍ਹਾਂ ਨੂੰ ਉਡੀਕਣ ਲਗ ਪਿਆ। ਪਰ ਮੈਨੂੰ ਬੜੀ ਹੈਰਾਨੀ ਹੋਈ ਜਦੋਂ ਮੈਂ ਦੇਖਿਆ ਕਿ ਅੱਧਾ ਘੰਟਾ ਗੁਜ਼ਰ ਗਿਆ ਹੈ, ਸੋਦਰ ਦਾ ਵਕਤ ਹੋ ਗਿਆ ਹੈ ਤੇ ਉਹ ਉਸੇ ਤਰ੍ਹਾਂ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਖੜੇ ਹਨ। ਬੀਬੀ ਦਲੇਰ ਕੌਰ ਵੀ ਆ ਗਈ। ਉਸ ਨੂੰ ਵੀ ਮੈਂ ਦਸਿਆ ਕਿ ਲੰਬੀ ਅਰਦਾਸ ਕਰ ਰਹੇ ਹਨ। ਫਿਰ ਅਸਾਂ ਹੇਠਾਂ ਜਾ ਕੇ ਬੈਠ ਕੇ ਸੋਦਰ ਦਾ ਪਾਠ ਕਰ ਲਿਆ। ਕਾਫ਼ੀ ਦੇਰ ਪਿਛੋਂ ਜਦੋਂ ਬੀਬੀ ਦਲੇਰ ਕੌਰ ਉਨ੍ਹਾਂ ਪਾਸ ਪ੍ਰਸ਼ਾਦ ਛਕਣ ਲਈ ਬੇਨਤੀ ਕਰਨ ਗਈ ਤਾਂ ਆਪ ਜੀ ਨੇ ਹੇਠਾਂ ਆ ਕੇ ਚੁਪ ਕਰ ਕੇ ਪ੍ਰਸ਼ਾਦ ਛਕ ਲਿਆ, ਪਰ ਕੋਈ ਵੀ ਬਚਨ ਬਿਲਾਸ ਨਾ ਕੀਤਾ। ਜਾਂ ਸੌਣ ਦਾ ਵਕਤ ਹੋਣ ਲਗਾ ਤਾਂ ਮੈਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਸ੍ਰੀ ਮਾਨ ਜੀ, ਇਤਨੀ ਲੰਬੀ ਅਰਦਾਸ ਕੀਤੀ ਹੈ ਤੇ ਹੁਣ ਚੁਪ ਹੋ, ਕਾਰਨ ਕੀ ਹੈ ? ਕੁਛ ਦੇਰ ਪਿਛੋਂ ਕਹਿਣ ਲਗੇ, "ਜੋਗੀ, ਅਜ ਦਿਲ ਬਹੁਤ ਉਦਾਸ ਹੈ, ਸਾਡੇ ਮਿਤਰ ਪਿਆਰੇ, ਪੂਰਨ ਗੁਰਸਿਖ ਹਮੇਸ਼ਾ ਹੀ ਉਚ ਮੰਡਲਾਂ ਵਿਚ ਆਨੰਦ ਮਾਨਣ ਵਾਲੇ ਪ੍ਰੋਫ਼ੈਸਰ ਪੂਰਨ ਸਿੰਘ ਜੀ ਅਜ ਡੇਹਰਾਦੂਨ ਪੰਜ-ਭੂਤਕ ਸਰੀਰ ਛਡ ਕੇ ਸੱਚੇ ਪਾਤਸ਼ਾਹ ਦੀ ਦਰਗਾਹ ਜਾਣ ਵਾਸਤੇ ਕਮਰਕਸੇ ਕਰ ਰਹੇ ਸਨ।" ਮੈਂ ਬੇਨਤੀ ਕੀਤੀ ਕਿ ਉਨ੍ਹਾਂ ਦੇ ਸਾਨੂੰ ਇਥੇ ਕਦੀ ਦਰਸ਼ਨ ਨਹੀਂ ਹੋਏ ਤੇ ਇਸ ਤੋਂ ਪਹਿਲਾਂ ਤੁਸੀਂ ਇਤਨੇ ਸਾਲ ਜੇਲ੍ਹ-ਯਾਤਰਾ ਕਰ ਰਹੇ ਸਾਓ। ਉਹ ਤੁਹਾਡੇ ਕਦੋਂ ਮੇਲੀ ਬਣੇ ਸਨ ? ਕਹਿਣ ਲਗੇ, "ਸਰੀਰ ਕਰਕੇ ਉਨ੍ਹਾਂ ਦੇ ਦਰਸ਼ਨ ਨਹੀਂ ਹੋਏ, ਪਰ ਆਤਮਕ ਮੇਲ ਹੁੰਦੇ ਰਹਿੰਦੇ ਸਨ। ਉਹ 'ਧੁਰੋਂ' ਹੀ ਬਖਸ਼ੇ ਆਏ ਸਨ।"

### ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ–

੧੯੪੪ ਵਿਚ ਮਾਨਯੋਗ ਬਾਊ ਮੱਲ ਸਿੰਘ ਜੀ ਦੇ ਦੂਸਰੇ ਭੁਜੰਗੀ ਪ੍ਰੀਤਮ ਸਿੰਘ ਦਾ ਅਨੰਦ ਕਾਰਜ ਪੂਹਲਾ (ਬਠਿੰਡਾ) ਵਿਖੇ ਹੋਣਾ ਨੀਯਤ ਹੋਇਆ। ਇਹ ਰਿਸ਼ਤਾ ਗੁਰਮੁਖ ਪਿਆਰੇ ਗਿ: ਦਲੀਪ ਸਿੰਘ ਜੀ ਫੁਲਾਂਵਾਲ ਰਾਹੀਂ ਹੋਇਆ ਸੀ। ਗਿਆਨੀ ਜੀ ਇਨ੍ਹਾਂ ਦਿਨਾਂ ਵਿਚ ਹਾਈ ਸਕੂਲ ਨਥਾਣਾ ਵਿਚ ਟੀਚਰ ਲਗੇ ਹੋਏ ਸਨ। ਮਾਨਯਵਰ ਭਾਈ ਸਾਹਿਬ ਰਣਧੀਰ ਸਿੰਘ ਜੀ ਭੀ ਬਰਾਤ ਵਿਚ ਸ਼ਾਮਲ ਹੋਏ। ਬਰਾਤ ਦੇ ਸਾਰੇ ਸਜਣ ਸੰਗਤੀ ਰੂਪ ਵਿਚ ਕੀਰਤਨ ਕਰਦੇ ਹੋਏ ਪੂਹਲੇ ਪੁਜੇ। ਮੇਲ-ਮਿਲਾਪ ਪਿਛੋਂ ਸ਼ਾਮ ਨੂੰ ਸੋਦਰ ਦੇ ਪਾਠ ਹੋਏ। ਫਿਰ ਪ੍ਰਸ਼ਾਦ


www.AKJ.Org

ਛਕ ਕੇ ਸਭ ਨੇ ਅਰਾਮ ਕੀਤਾ। ਅਗਲੇ ਦਿਨ ਅੰਮ੍ਰਿਤ ਵੇਲੇ ਇਸ਼ਨਾਨ ਨਿਤਨੇਮ ਕਰ ਕੇ ਆਸਾ ਦੀ ਵਾਰ ਦੇ ਕੀਰਤਨ ਲਈ ਦੀਵਾਨ-ਅਸਥਾਨ ਖੁਲ੍ਹੇ ਪੰਡਾਲ ਵਿਚ ਪੁਜ ਗਏ। ਸ੍ਰੀਮਾਨ ਭਾਈ ਸਾਹਿਬ ਜੀ ਨੇ ਵਾਜਾ ਫੜ ਕੇ ਆਪ ਕੀਰਤਨ ਅਰੰਭ ਕਰ ਦਿਤਾ।

ਗੁਰੂ ਨੇਤ ਐਸੀ ਹੋਈ ਕਿ ਅਜੇ ਵਾਰ ਅੱਧੀ ਵੀ ਨਹੀਂ ਹੋਈ ਸੀ ਜੁ ਕੁਝ ਮਿੰਟਾਂ ਵਿਚ ਹੀ ਪਛਮ ਵਾਲੇ ਪਾਸਿਓਂ ਬੜੀ ਜ਼ਬਰਦਸਤ ਕਾਲੀ ਘਟਾ ਚੜ੍ਹ ਆਈ। ਸਾਰੇ ਘਬਰਾ ਉਠੇ। ਘਰ ਵਾਲਿਆਂ ਨੇ ਬਹੁਤ ਛੇਤੀ ਇਕ ਵਡੇ ਕਮਰੇ ਵਿਚ, ਜੋ ਕੀਰਤਨ-ਪੰਡਾਲ ਦੇ ਲਾਗੇ ਹੀ ਸੀ, ਦੀਵਾਨ ਬਦਲਣ ਦਾ ਪਰਬੰਧ ਕਰ ਲਿਆ। ਇਤਨੀ ਦੇਰ ਵਿਚ ਬਾਰਸ਼ ਦੀ ਬੁਛਾੜ ਹੋਣ ਦੀ ਅਵਾਜ਼ ਆਉਣ ਲਗ ਪਈ। ਇਹ ਸਾਫ਼ ਦਿਸ ਰਿਹਾ ਸੀ ਕਿ ਕੁਝ ਮਿੰਟਾਂ ਵਿਚ ਹੀ ਇਥੇ ਜਲ ਥਲ ਹੋ ਜਾਏਗਾ।

ਹੋਲੀ ਹੋਲੀ ਸੰਗਤਾਂ ਵਿਚ ਘੋਰ-ਮਸੋਰ ਹੋਣ ਲਗ ਪਈ ਕਿ ਇਥੇ ਦੀਵਾਨ ਦੀ ਸਮਾਪਤੀ ਕਰ ਕੇ, ਕਮਰੇ ਵਿਚ ਸੱਚੇ ਪਾਤਸ਼ਾਹ ਜੀ ਦਾ ਪ੍ਰਕਾਸ਼ ਕਰ ਕੇ ਉਥੇ ਦੀਵਾਨ ਸਜਾਇਆ ਜਾਏ। ਪਰ ਸ੍ਰੀਮਾਨ ਬਾਊ ਜੀ ਤੇ ਮਾਨਯਵਰ ਭਾਈ ਸਾਹਿਬ ਜੀ ਨੂੰ ਬੇਨਤੀ ਕਰਨ ਦਾ ਕਿਸੇ ਨੂੰ ਹੀਆ ਨਾ ਪਵੇ। ਜਦੋਂ ਬਾਰਸ਼ ਦੀ ਸੂਕ ਸੁਣ ਕੇ ਸਾਰੀ ਸੰਗਤ ਉਠਣ ਨੂੰ ਹੁਕਮ ਦੀ ਉਡੀਕ ਕਰ ਰਹੀ ਸੀ ਤਾਂ ਮਾਨਯੋਗ ਭਾਈ ਸਾਹਿਬ ਜੀ ਨੇ ਬੁਲੰਦ ਅਵਾਜ਼ ਵਿਚ ਇਹ ਸ਼ਬਦ ਅਰੰਭ ਕਰ ਦਿਤਾ—

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ ਸਤਿਗੁਰੁ ਤੁਮਰੇ ਕਾਜ ਸਵਾਰੇ ॥ਰਹਾਉ॥੧੦੮॥

ਗਉੜੀ ਮਹਲਾ ੫, ਪੰਨਾ ੨੦੧

ਸਾਰੇ ਹੈਰਾਨ ਵੀ ਹੋ ਗਏ ਤੇ ਸਮਝ ਵੀ ਗਏ ਕਿ ਮਾਨਯੋਗ ਭਾਈ ਸਾਹਿਬ ਇਹ ਦੀਵਾਨ ਬਦਲਣ ਦੇ ਹੱਕ ਵਿਚ ਨਹੀਂ ਹਨ। ਸੋ ਸਭ ਨੇ ਹੌਸਲਾ ਧਾਰਿਆ ਕਿ ਚਲੋ, ਭਿਜ ਹੀ ਜਾਵਾਂਗੇ, ਕੀਰਤਨ ਨਾਲ ਜੁੜੇ ਰਹੇ। ਸਾਰੀ ਸੰਗਤ ਫਿਰ ਹੈਰਾਨ ਹੋ ਗਈ ਜਦੋਂ ਭਾਈ ਸਾਹਿਬ ਜੀ ਨੇ ਅਗਲਾ ਸਲੋਕ ਲੈਣ ਤੋਂ ਪਹਿਲਾਂ ਹੀ ਇਹ ਸ਼ਬਦ ਸ਼ੁਰੂ ਕਰ ਦਿਤਾ—

ਕਿਆ ਉਠਿ ਉਠਿ ਦੇਖਹੁ ਬਪੁੜੇਂ, ਇਸੁ ਮੇਘੈ ਹਥਿ ਕਿਛੁ ਨਾਹਿ ॥
ਜਿਨਿ ਏਹੁ ਮੇਘੁ ਪਠਾਇਆ, ਤਿਸੁ ਰਾਖਹੁ ਮਨ ਮਾਹਿ ॥
ਤਿਸ ਨੋ ਮੰਨਿ ਵਸਾਇਸੀ ਜਾ ਕਉ ਨਦਰਿ ਕਰੇਇ ॥
ਨਾਨਕ ਨਦਰੀ ਬਾਹਰੀ ਸਭ ਕਰਣਪਲਾਹ ਕਰੇਇ ॥੨॥੬॥

ਮ: ੩, ਮਲਾਰ ਕੀ ਵਾਰ, ਪੰਨਾ ੧੨੮੦

ਫਿਰ ਤਾਂ ਉਚ-ਮੰਡਲੀ ਕੀਰਤਨ ਪੰਚਮ ਦੀਆਂ ਸੁਰਾਂ ਵਿਚ ਸ਼ੁਰੂ ਹੋ ਗਿਆ ਤੇ ਇਸੇ ਰੰਗ ਵਿਚ ਦੀਵਾਨ ਸਜਿਆ ਰਿਹਾ। ਉਥੇ ਹੀ ਅਨੰਦ ਕਾਰਜ ਹੋਇਆ।

ਭੋਗ ਪੈਣ ਤੇ ਸਤਿਗੁਰੂ ਜੀ ਦੀ ਬਖਸ਼ਸ਼ ਤੇ ਜ਼ਾਹਰੀ-ਕਲਾ ਆਪਣੀਆਂ ਅੱਖਾਂ ਨਾਲ ਸਭ ਨੇ ਦੇਖੀ। ਉਹ ਇਹ ਸੀ ਕਿ ਦੀਵਾਨ-ਅਸਥਾਨ ਤੋਂ ਚਾਰ ਸੌ ਗਜ਼ ਦੂਰ, ਚੁਪਾਸੜ ਪਿੰਡ ਦੇ ਗਿਰਦੇ ਬਾਰਸ਼ ਨਾਲ ਜਲ ਥਲ ਹੋ ਗਿਆ ਸੀ। ਇਸ ਹੱਦ ਤੋਂ ਅਗੇ ਅੰਦਰਵਾਰ ਦੋ ਤਿੰਨ ਸੌ ਗਜ਼ ਦੇ ਫ਼ਾਸਲੇ ਤੇ ਥੋੜੀ ਥੋੜੀ ਬੂੰਦਾ-ਬਾਂਦੀ ਹੋਈ, ਪਰ ਦੀਵਾਨ ਅਸਥਾਨ ਤੋਂ ਸੌ ਗਜ਼ ਅੰਦਰ ਇਕ ਵੀ ਕਣੀ ਨਹੀਂ ਸੀ ਪਈ।

ਭੋਗ ਤੋਂ ਉਪਰੰਤ ਜਦੋਂ ਬਰਾਤ ਵਾਲੇ ਇਹ ਮੁਅਜਜ਼ਾ, ਜੋ ਸਭ ਨੂੰ ਹੈਰਾਨ ਕਰ ਰਿਹਾ ਸੀ, ਦੇਖਣ ਗਏ ਤਾਂ ਇਕ ਬਰਾਤੀ ਸਜਣ ਲੈਫ਼ਟੀਨੈਂਟ ਜਵੰਦ ਸਿੰਘ ਜੀ ਕਹਿਣ ਲਗੇ ਕਿ ਅਜ ਇਨ੍ਹਾਂ ਅੱਖਾਂ ਨਾਲ ਪਰਤੱਖ ਦੇਖ ਰਹੇ ਹਾਂ ਕਿ—

ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥੫੦॥ (ਪੰਨਾ ੯੬੨)

[ਪੁਸਤਕ "ਜੀਵਨ ਚਰਿੱਤਰ ਭਾ: ਸਾ: ਰਣਧੀਰ ਸਿੰਘ" ਵਿਚੋਂ



www.AKJ.Org

# ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ

ਸੁਕਐਡਰਨ ਲੀਡਰ ਭਾਈ ਰਾਮ ਸਿੰਘ ਜੀ, ਸ੍ਰੀਮਾਨ ਬਾਊ ਮੱਲ ਸਿੰਘ ਜੀ ਦੇ ਦੋਹਤਿਓਂ-ਜਵਾਈ ਹਨ । ਅਤੇ ਸ੍ਰੀਮਾਨ ਬਾਊ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅੱਤ ਪਿਆਰੇ ਹਮਜੋਲੀ ਸਨ । ੧੯੫੯ ਈ: ਵਿਚ ਅੰਬਾਲੇ ਛਾ: ਵਿਖੇ ਭਾਈ ਰਾਮ ਸਿੰਘ ਜੀ ਦੇ ਇਕੋ ਇਕ ਭੁਜੰਗੀ ਤੇ ਪੋਲੀਓ ਦਾ ਐਸਾ ਖ਼ੌਫ਼ਨਾਕ ਅਟੈਕ ਹੋਇਆ ਕਿ ਉਹ ਅੰਤਲੇ ਸੁਆਸਾਂ ਤਕ ਪੁਜ ਗਿਆ । ਭਾਈ ਸਾਹਿਬ ਓਦੋਂ ਕਸੌਲੀ ਪਹਾੜ ਤੋਂ ਵਾਪਸ ਮੁੜ ਰਹੇ ਸਨ ਤਾਂ ਉਨ੍ਹਾਂ ਦੇ ਸਾਥੀ ਪ੍ਰੇਮੀ ਉਨ੍ਹਾਂ ਨੂੰ ਅਜੀਬ ਤਰ੍ਹਾਂ ਨਾਲ ਪ੍ਰੇਰ ਕੇ ਅੰਬਾਲੇ ਛਾਉਣੀ ਭਾਈ ਰਾਮ ਸਿੰਘ ਜੀ ਦੇ ਗ੍ਰਿਹ ਸ੍ਰੀ ਅਖੰਡਪਾਠ ਸਮਾਗਮ ਲਈ ਲੈ ਆਏ । ਉਥੇ ਜੋ ਅਲੌਕਿਕ ਕਲਾ ਵਰਤੀ, ਉਸ ਸਾਰੀ ਵਾਰਤਾ ਨੂੰ ਭਾਈ ਰਾਮ ਸਿੰਘ ਜੀ ਨੇ ਹੇਠ ਲਿਖੇ ਅਨੁਸਾਰ ਅੰਕਿਤ ਕੀਤਾ ਹੈ । —ਸੰਪਾਦਕ

੧੯੫੯ ਜੁਲਾਈ ਵਿਚ ਦਾਸ ਦੇ ਭੁਜੰਗੀ ਨੂੰ ਪੋਲੀਓ ਦਾ ਅਟੈਕ ਹੋ ਗਿਆ । ਭੁਜੰਗੀ ਦੀ ਉਮਰ ਉਸ ਵਕਤ ੬ ਬਰਸ ਦੀ ਸੀ । ਇਸ ਬੀਮਾਰੀ ਦੇ ਅਸਰ ਨਾਲ ਕਾਕੇ ਦੀ ਸੱਜੀ ਲੱਤ ਹਿਲਣੋਂ ਰਹਿ ਖੜੋਤੀ ਅਤੇ ਸਰੀਰਕ ਤਾਕਤ ਭੀ ਦਿਨ-ਬ-ਦਿਨ ਘਟਣੀ ਸ਼ੁਰੂ ਹੋ ਗਈ । ਦਾਸ ਓਨ੍ਹੀਂ ਦਿਨੀਂ ਅੰਬਾਲੇ ਠਹਿਰ ਰਿਹਾ ਸੀ । ਡਾਕਟਰ ਦੇ ਕਹਿਣ ਤੇ ਬੱਚੇ ਨੂੰ ਫ਼ੌਜੀ ਹਸਪਤਾਲ ਵਿਚ ਦਾਖ਼ਲ ਕਰਾ ਦਿੱਤਾ । ਬੱਚੇ ਦੀ ਮਾਤਾ ਨੂੰ ਭੀ ਬੱਚੇ ਪਾਸ ਹੀ ਰਹਿਣ ਦੀ ਆਗਿਆ ਮਿਲ ਗਈ ।

ਇਕ ਦਿਨ ਭਾਈ ਜਗਤ ਸਿੰਘ ਹੋਰੀਂ (ਜੋ ਏਅਰ ਫ਼ੋਰਸ ਵਿਚ ਵਾਰੰਟ ਅਫ਼ਸਰ ਸਨ) ਮੇਰੇ ਪਾਸ ਆਏ ਅਤੇ ਕਹਿਣ ਲੱਗੇ, "ਮੈਂ ਤੁਹਾਨੂੰ ਇਕ ਖ਼ੁਸ਼ੀ ਦੀ ਖ਼ਬਰ ਦਸਾਂ ?"

ਦਾਸ :—ਧੰਨ ਭਾਗ ! ਜ਼ਰੂਰ ਦੱਸੋ ।

ਜਗਤ ਸਿੰਘ :— ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੁਰੀਂ ਐਤਕੀਂ ਦੀਆਂ ਗਰਮੀਆਂ ਕਸੌਲੀ ਕੱਟਣ ਗਏ ਸਨ । ਓਥੇ ਬਾਰਸ਼ਾਂ ਉਤਰ ਆਈਆਂ ਹਨ । ਉਨ੍ਹਾਂ ਨੇ ਵਾਪਸ ਲੁਧਿਆਣੇ ਨੂੰ ਜਾਂਦਿਆਂ ਹੋਇਆਂ ਆਪਣੇ ਪਰਮ ਮਿੱਤਰ ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਵਾਲਿਆਂ ਨੂੰ ਮਿਲ ਕੇ ਜਾਣਾ ਹੈ । (ਪੰਜੋਖਰਾ ਸਾਹਿਬ ਛਾਉਣੀ ਤੋਂ ਕੋਈ ਤਿੰਨ ਕੁ ਕਿਲੋ ਮੀਟਰ ਦੀ ਵਿਥ ਤੇ ਹੈ) ਜੇ ਤੁਸੀਂ ਕਹੋ ਤਾਂ ਤੁਹਾਡੇ ਘਰ ਕਾਕੇ ਦੀ ਦੇਹ-ਅਰੋਗਤਾ ਵਾਸਤੇ ਸ੍ਰੀ ਅਖੰਡਪਾਠ ਸਾਹਿਬ ਰੱਖੀਏ ਅਤੇ ਭਾਈ ਸਾਹਿਬ ਹੁਰਾਂ ਨੂੰ ਸ੍ਰੀ ਅਖੰਡਪਾਠ ਸਾਹਿਬ ਤੇ ਹਾਜ਼ਰੀ ਭਰਨ ਲਈ ਬਨਤੀ ਕਰੀਏ ।

ਦਾਸ :— ਇਹ ਤਾਂ ਤੁਸੀਂ ਬੜੀ ਹੀ ਚੰਗੀ ਖ਼ਬਰ ਦਿੱਤੀ ਹੈ । ਇਸ ਤੋਂ ਵਧ ਸਾਨੂੰ ਹੋਰ ਕੀ ਚਾਹੀਦਾ ਹੈ ! ਤਾਂ ਫਿਰ ਤੁਸਾਂ ਹੀ ਭਾਈ ਸਾਹਿਬ ਜੀ ਦੇ ਪੰਜੋਖਰਾ ਸਾਹਿਬ ਆਉਣ ਦਾ ਪਤਾ ਰਖਣਾ ਹੈ ਅਤੇ ਤੁਸਾਂ ਹੀ ਉਨ੍ਹਾਂ ਨੂੰ ਅਖੰਡਪਾਠ ਦੀ ਹਾਜ਼ਰੀ ਭਰਨ ਲਈ ਬੇਨਤੀ ਕਰਨੀ ਹੈ । ਮੇਰੀ ਤਾਂ ਉਨ੍ਹਾਂ ਨਾਲ ਕੋਈ ਵਾਕਫ਼ੀਅਤ ਨਹੀਂ ਹੈ ।

ਜਗਤ ਸਿੰਘ :— ਬੱਸ, ਮੈਨੂੰ ਤਾਂ ਤੁਹਾਡੀ "ਹਾਂ" ਹੀ ਚਾਹੀਦੀ ਸੀ । ਹੁਣ ਸਭ ਕੁਝ ਤੁਸੀਂ ਮੇਰੇ ਉੱਤੇ ਛੱਡ ਦਿਉ । ਸਭ ਠੀਕ ਹੋ ਜਾਏਗਾ ।

ਜਦ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੁਰੀਂ ਪੰਜੋਖਰਾ ਸਾਹਿਬ ਪਹੁੰਚ ਗਏ ਤਾਂ ਵੀਰ ਜਗਤ ਸਿੰਘ ਹੁਰੀਂ ਉਨ੍ਹਾਂ ਨੂੰ ਉਥੇ ਹੀ ਜਾ ਮਿਲੇ ਅਤੇ ਉਨ੍ਹਾਂ ਨੂੰ ਕਹਿਓ ਨੇ ਕਿ "ਛਾਉਣੀ ਵਿਚ ਬਾਊ ਜੀ ਦੀ ਦੋਹਤੀ ਦੇ ਘਰ ਸ੍ਰੀ ਅਖੰਡਪਾਠ ਸਾਹਿਬ ਰੱਖਣੇ ਹਨ ਜੀ । ਆਪ ਜੀ ਕਿਰਪਾ ਕਰ ਕੇ ਸ੍ਰੀ ਅਖੰਡਪਾਠ ਸਾਹਿਬ ਵਿਚ ਹਾਜ਼ਰੀਆਂ ਭਰਨ ਦੀ ਮਨਜ਼ੂਰੀ ਬਖਸ਼ੋ ਜੀ । ਗੱਲਾਂ ਗੱਲਾਂ ਵਿਚ ਇਨ੍ਹਾਂ ਨੇ ਭਾਈ ਸਾਹਿਬ ਜੀ ਪਾਸੋਂ ਸ੍ਰੀ ਅਖੰਡਪਾਠ ਸਾਹਿਬ ਤੇ ਪਹੁੰਚਣ ਦੀ "ਹਾਂ" ਕਰਵਾ ਹੀ ਲਈ । ਇਸ ਦੇ ਬਾਅਦ ਸਿੱਧੇ ਮੇਰੇ ਪਾਸ ਆਏ ਅਤੇ ਕਹਿਣ ਲੱਗੇ ਕਿ "ਬਾਪੂ ਜੀ ਨੇ 'ਹਾਂ' ਕਰ ਦਿੱਤੀ ਹੈ, ਤੁਸੀਂ ਹੁਣ ਕਿਸੇ ਕਾਰ ਦਾ ਫਟਾ ਫਟ ਬੰਦੋਬਸਤ ਕਰੋ, ਤਾਂ ਜੁ ਉਨ੍ਹਾਂ ਨੂੰ ਹੁਣੇ ਹੀ ਘਰ ਲੈ ਆਈਏ । ਜੇ ਦੇਰ ਹੋ ਗਈ ਤਾਂ ਉਹ ਕਿਤੇ ਆਪਣਾ ਪ੍ਰੋਗਰਾਮ ਹੀ ਨਾ ਬਦਲ ਲੈਣ ।"


www.AKJ.Org

ਉਨ੍ਹੀ ਦਿਨੀਂ ਏਅਰ ਫ਼ੋਰਸ ਸਟੇਸ਼ਨ ਦੇ ਸੀਨੀਅਰ ਡਾਕਟਰ Sqn. Ldr. ਖੇੜਾ ਸਾਹਿਬ ਹੁੰਦੇ ਸਨ। ਇਹ ਬੜੇ ਨੇਕ ਅਤੇ ਗੁਰਮੁਖ ਜਨ ਸਨ। ਉਨ੍ਹਾਂ ਨੇ ਮੇਰੀ ਬੇਨਤੀ ਪਰਵਾਨ ਕਰ ਲਈ ਅਤੇ ਉਸੇ ਦਿਨ ਸ਼ਾਮ ਨੂੰ ਭਾਈ ਜਗਤ ਸਿੰਘ ਹੁਰਾਂ ਨੂੰ ਆਪਣੀ ਕਾਰ ਤੇ ਨਾਲ ਲੈ ਕੇ ਪੰਜੋਖਰਾ ਸਾਹਿਬ ਨੂੰ ਰਵਾਨਾ ਹੋ ਗਏ। ਇਸ ਵਕਤ ਥੋੜੀ ਥੋੜੀ ਬਰਸਾਤੀ ਬੂੰਦਾ-ਬਾਂਦੀ ਭੀ ਹੋ ਰਹੀ ਸੀ। ਮੈਂ ਇੱਕਲਾ ਹੀ ਘਰ ਸਾਂ। ਕਾਕਾ ਅਤੇ ਸਿੰਘਣੀ ਦੋਨੋਂ ਹਸਪਤਾਲ ਸਨ। ਮੈਂ ਵੇਲੇ ਸਿਰ ਹੀ ਰਹਿਰਾਸ ਦਾ ਪਾਠ ਕਰ ਲਿਆ। ਉਪਰੰਤ ਪਰਸ਼ਾਦਾ ਛਕ ਕੇ ਬਾਹਰਲੇ ਬਰਾਂਡੇ ਵਿਚ ਕੁਰਸੀ ਡਾਹ ਕੇ, ਸੰਗਤਾਂ ਦੀ ਉਡੀਕ ਵਿਚ ਸੜਕ ਵੱਲ ਮੂੰਹ ਕਰ ਕੇ ਜਾ ਬੈਠਾ। ਮਨ ਵਿਚ ਬੜਾ ਚਾਅ ਸੀ ਕਿ ਭਾਈ ਸਾਹਿਬ ਹੁਣ ਆਏ ਕਿ ਆਏ। "ਮੇਰੇ ਭਾਗ ਕਿਤਨੇ ਚੰਗੇ ਹਨ ਕਿ ਐਸੇ ਮਹਾਂ ਪੁਰਖਾਂ ਦੇ ਦਰਸ਼ਨ ਅੱਜ ਆਪਣੇ ਘਰ ਵਿਚ ਹੀ ਹੋਣਗੇ।" ਇਸ ਪ੍ਰਕਾਰ ਦੇ ਕਈ ਖਿਆਲ ਮਨ ਵਿਚ ਆ ਰਹੇ ਸਨ। ਭਾਈ ਸਾਹਿਬ ਅਤੇ ਉਨ੍ਹਾਂ ਦੇ ਮਨਜ਼ੂਰੇ-ਨਜ਼ਰ ਗੁਰਸਿਖਾਂ ਦਾ ਜੱਥਾ, ਜੋ ਉਨ੍ਹਾਂ ਦੇ ਨਾਲ ਹੋਵੇਗਾ, ਉਨ੍ਹਾਂ ਦੀ ਅਨੁਮਾਨੀ ਤਸਵੀਰ ਚਲਦੀ-ਫ਼ਿਲਮ ਦੀ ਤਰ੍ਹਾਂ ਮੇਰੀਆਂ ਅੱਖਾਂ ਅੱਗੋਂ ਨਹੀਂ ਸੀ ਹਟਦੀ। ਜਦੋਂ ਭੀ ਕਿਸੇ ਦੂਰੋਂ ਆਉਂਦੀ ਮੋਟਰ ਦੀ ਅਵਾਜ਼ ਕੰਨੀ ਪੈਂਦੀ ਤਾਂ ਮੈਂ ਝੱਟ ਉੱਠ ਖੜਾ ਹੋ ਜਾਂਦਾ ਕਿ 'ਗੁਰੂ ਕੇ ਲਾਲ ਆ ਗਏ।' ਪਰ ਜਦ ਇਹ ਮੋਟਰ ਸਿੱਧੀ ਅੱਗੇ ਨੂੰ ਲੰਘ ਜਾਂਦੀ ਤਾਂ ਥੋੜੀ ਜਿਹੀ ਮਾਯੂਸੀ ਨਾਲ ਮੈਂ ਫਿਰ ਬੈਠ ਜਾਂਦਾ ਅਤੇ ਅਗਲੀ ਗੱਡੀ ਦੀ ਆਵਾਜ਼ ਦੀ ਉਡੀਕ ਵਿਚ ਮਨ ਦੀ ਸਾਰੀ ਇਕਾਗਰਤਾ ਲਗਾ ਦੇਂਦਾ।

ਇਸ ਤਰ੍ਹਾਂ ਕਰਦਿਆਂ ਕਰਦਿਆਂ ਸ਼ਾਮ ਦੇ ਅੱਠ ਵੱਜ ਗਏ। ਹਨੇਰਾ ਭੀ ਖਾਸਾ ਹੋ ਗਿਆ। ਅਸਮਾਨ ਉੱਤੇ ਘਣੇ ਬੱਦਲ ਤਾਂ ਹੈ ਹੀ ਸਨ। ਕਦੇ ਕਦੇ ਬਾਰਸ਼ ਦੀ ਬਰੀਕ ਜਿਹੀ ਕਿਣ-ਮਿਣ ਸ਼ੁਰੂ ਹੋ ਜਾਂਦੀ ਸੀ। ਉਡੀਕਾਂ ਉਡੀਕਦੇ ਨੂੰ ੯ ਵੱਜ ਗਏ। ਕਦੇ ਕੋਈ ਖ਼ਿਆਲ ਆਵੇ ਕਦੇ ਕੋਈ। ਕੁਝ ਸਮਝ ਨਾ ਆਵੇ ਕਿ ਦੇਰੀ ਕਿਉਂ ਹੋ ਰਹੀ ਹੈ। ਘੜੀਆਂ ਬਹੁਤ ਹੀ ਲੰਮੀਆਂ ਹੁੰਦੀਆਂ ਜਾਣ। ਬੜੀ ਹੀ ਮੁੱਦਤ ਦੇ ਬਾਅਦ ਘੜੀ ਨੇ ੧੦ ਵਜਾਏ। ਗੁਰੂ-ਪਿਆਰਿਆਂ ਦੀ ਕੋਈ ਭੀ ਸੋਇ ਨਾ ਆਈ। ਜਾਂ ਸਾਢੇ ਦਸ ਹੋ ਗਏ ਤਾਂ ਮਨ ਵਿਚ ਵੈਰਾਗ ਨੇ ਸਿਰ ਚੁੱਕ ਲਿਆ ਕਿ 'ਭਾਈ ਤੇਰੇ ਐਡੇ ਭਾਗ ਕਿਥੇ ਕਿ ਭਾਈ ਸਾਹਿਬ ਜੈਸੀ ਪਾਵਨ ਹਸਤੀ ਦੇ ਤੇਰੇ ਘਰ ਚਰਨ ਪੈਣ?' ਉਥੋਂ ਉੱਠਣ ਨੂੰ ਭੀ ਜੀਅ ਨਾ ਕਰੇ। ਉਥੇ ਬੈਠਿਆਂ ਭੀ ਕੁਝ ਸਰਦਾ ਨਜ਼ਰ ਨਾ ਆਵੇ। ਘੜੀ ਦੀਆਂ ਸੂਈਆਂ ਭੀ ਮਸਾਂ ਹੀ ਚਲਣ ਇੰਜ ਜਾਪਣ ਲੱਗ ਪਿਆ ਕਿ ਜੀਵਨ ਦੀ ਬਾਜ਼ੀ ਹਾਰੀ ਤੁਰਿਆ ਜਾ ਰਿਹਾ ਹਾਂ। ਓੜਕ ਨੂੰ ਘੜੀ ਨੇ ਗਿਆਰਾਂ ਵਜਾਏ। ਸੜਕਾਂ ਉੱਤੇ ਭੀ ਪੂਰੀ ਚੁੱਪ-ਚਾਪ ਹੋ ਗਈ। ਨਿਰਾਸਤਾ ਨਾਲ ਮੇਰਾ ਗੱਚ ਭਰ ਗਿਆ। ਆਖ਼ਰ ਇੱਕ ਲੰਬਾ ਸਾਹ ਲੈ ਕੇ, ਬਰਾਂਡਾ ਛੱਡ ਦਰਵਾਜ਼ਾ ਬੰਦ ਕਰ, ਪੂਰਨ ਨਿਰਾਸਤਾ ਸਹਿਤ ਆਪਣੇ ਬਿਸਤਰੇ ਉੱਤੇ ਅੰਦਰ ਜਾ ਬੈਠਾ। ਭਾਈ ਸਾਹਿਬ ਜੀ ਵਾਸਤੇ ਵਿਛਾਏ ਹੋਏ ਬਿਸਤਰੇ ਵੱਲ ਤੱਕ ਕੇ ਇੱਕ ਲੰਬਾ ਹੌਕਾ ਭਰਿਆ। ਆਪਣੀ ਕਿਸਮਤ ਨੂੰ ਇਸ ਸਭ ਕਾਸੇ ਦਾ ਜ਼ਿਮੇਵਾਰ ਸਮਝ ਕੇ ਦਾਸ ਲੇਟ ਗਿਆ। ਨੀਂਦ ਤਾਂ ਕਿਤੇ ਖੰਭ ਲਾ ਕੇ ਉੱਡ ਚੁੱਕੀ ਸੀ। ਮਨ ਵਿਚ ਪੱਕਾ ਵਿਸ਼ਵਾਸ ਹੋ ਗਿਆ ਕਿ ਭਾਈ ਸਾਹਿਬ ਨਹੀਂ ਆਉਣਗੇ। ਮਨ ਵਿਚ ਕਈ ਪ੍ਰਕਾਰ ਦੀਆਂ ਵੀਚਾਰਾਂ ਆਉਣ ਕਿ 'ਜਗਤ ਸਿੰਘ ਹੁਰੀਂ ਤਾਂ ਝੂਠ ਬੋਲਣ ਵਾਲੇ ਗੁਰੂ ਦੇ ਲਾਲ ਨਹੀਂ ਹਨ। ਤਾਂ ਕੀ ਭਾਣਾ ਵਰਤ ਗਿਆ? ਸੁੱਖ ਹੋਵੇ। ਕਿਤੇ ਰਾਹ ਵਿਚ ਕੋਈ ਭਾਣਾ ਨਾ ਵਰਤ ਗਿਆ ਹੋਵੇ।'

ਅਜਿਹੀਆਂ ਵਿਚਾਰਾਂ ਵਿਚਾਰਦਾ ਅਜੇ ਉੱਸਲਵੱਟ ਹੀ ਖਾ ਰਿਹਾ ਸਾਂ ਕਿ ਇਤਨੇ ਨੂੰ ਬਾਹਰੋਂ ਕਾਰ ਦੇ ਹੌਰਨ ਦੀ ਅਵਾਜ਼ ਆਈ। ਮੈਂ ਤਾਂ ਮਾਨੋ ਉੱਡ ਕੇ ਅੱਖ ਦੇ ਫਰੱਕੇ ਵਿਚ ਬਰਾਂਡੇ ਵਿਚ ਪਹੁੰਚ ਗਿਆ। ਲਾਈਟ ਤਾਂ ਬਰਾਂਡੇ ਦੀ ਜਗ ਰਹੀ ਸੀ। ਭਾਈ ਸਾਹਿਬ ਜੀ ਦੀ ਕਾਰ ਵਿਚ ਬੈਠਿਆਂ ਹੋਇਆਂ ਦਾ ਦਰਸ਼ਨ ਕਰ ਕੇ ਦਾਸ ਆਪੇ ਚੋਂ ਬਾਹਰ ਹੋ ਗਿਆ, ਅਤੇ ਗੱਜਵੀਂ ਫਤਹ ਨਾਲ ਗੁਰੂ ਕੇ ਲਾਲਾਂ ਦਾ ਸਵਾਗਤ ਕੀਤਾ। ਖ਼ੁਸ਼ੀ ਵਿਚ ਆਪੇ ਤੋਂ ਬਾਹਰ ਹੋਏ ਹੋਏ ਨੂੰ ਸਮਝ ਨਾ ਆਵੇ ਕਿ ਕ੍ਹੀ ਕਰਾਂ। ਭਾਈ ਸੰਤਾ ਸਿੰਘ ਜੀ, ਭਾਈ ਬਾਵਾ ਸਿੰਘ ਜੀ, ਜਾਨ ਸੁਖਾਲਾ ਜੀ, ਭਾ ਜੀ, ਭਾਈ ਆਤਮਾ ਸਿੰਘ ਜੀ, ਭਾਈ ਜਗਤ ਸਿੰਘ ਜੀ ਅਤੇ ਉਨ੍ਹਾਂ ਦੇ ਵਡੇ ਭਰਾ ਜੀ, ਬੀਬੀ ਦਲੇਰ ਕੌਰ ਜੀ, ਬੀਬੀ ਸੁਖਦੇਵ ਕੌਰ ਜੀ, ਬੀਬੀ ਤਾਰਾ ਵਤੀ ਜੀ ਅਤੇ ਹੋਰ ਬੀਬੀਆਂ ਅਤੇ ਸਿੰਘ, ਜਿਨ੍ਹਾਂ ਦੇ ਨਾਮ ਹੁਣ ਦਾਸ ਨੂੰ ਯਾਦ


www.AKJ.Org

ਨਹੀਂ ਹਨ, ਦਾਸ ਦੇ ਗ੍ਰਿਹ ਨੂੰ ਭਾਗ ਲਗਾ ਰਹੇ ਸਨ ।

ਭਾਈ ਸੰਤਾ ਸਿੰਘ ਹੁਰਾਂ ਨੇ ਭਾਈ ਬਾਵਾ ਸਿੰਘ ਹੁਰਾਂ ਦੀ ਮਦਦ ਨਾਲ ਭਾਈ ਸਾਹਿਬ ਜੀ ਨੂੰ ਕਾਰ ਵਿਚੋਂ ਆਪਣੀ ਪਿੱਠ ਉਤੇ ਚੁੱਕ ਕੇ ਉਨ੍ਹਾਂ ਨੂੰ ਬਿਸਤਰੇ ਉਤੇ ਲਿਆ ਬਿਠਾਇਆ । ਦਾਸ ਖੁਸ਼ੀ ਵਿਚ ਐਵੇਂ ਹੀ ਏਧਰ ਉਧਰ ਭੱਜਾ ਫਿਰੇ । ਕੋਈ ਸਿੰਘ ਭੀ ਆਪਣੀ ਗੱਠ, ਥੈਲੇ, ਬਿਸਤਰੇ ਜਾਂ ਸੂਟਕੇਸ ਨੂੰ ਹੱਥ ਨਾ ਲਾਉਣ ਦੇਵੇ। ਮੰਜੇ ਉਤੇ ਬੈਠਦਿਆਂ ਸਾਰ ਭਾਈ ਸਾਹਿਬ ਜੀ ਕਹਿਣ ਲਗ ਪਏ, "ਏਥੇ ਨਹੀਂ ਰਹਿਣਾ । ਸਵੇਰੇ ਹੀ ਚਲੋ ਏਥੋਂ ਲੁਧਿਆਣੇ ਨੂੰ । ਇਹ ਕਿੱਥੇ ਲਿਆ ਬਿਠਾਇਆ ਜੇ ? ਇਤ ਆਦਿ ਕਈ ਮ੍ਰਨ-ਚੁਭਵੇਂ ਸ਼ਬਦ ਬੋਲੇ, ਜਿਨ੍ਹਾਂ ਨੂੰ ਸੁਣ ਕੇ ਮੇਰੇ ਮਨ ਵਿਚ ਬੜੀ ਨਿਰਾਸਤਾ ਹੋਈ । ਮੇਰੀ ਖ਼ੁਸ਼ੀ ਇਕ ਘੜੀ ਦੀ ਹੀ ਪ੍ਰਾਹੁਣੀ ਬਣ ਕੇ ਰਹਿ ਗਈ ।

ਬੀਬੀ ਦਲੇਰ ਕੌਰ ਜੀ ਨੇ ਮੇਰੇ ਚਿਹਰੇ ਦਾ ਰੰਗ ਉੱਡਿਆ ਦੇਖ ਕੇ ਭਾਈ ਜਗਤ ਸਿੰਘ ਜੀ ਨੂੰ ਬੁਲਾਇਆ । ਉਨ੍ਹਾਂ ਨੂੰ ਮੇਰੇ ਪਾਸ ਲਿਆ ਕੇ ਕਹਿਣ ਲੱਗੇ, "ਬਾਪੂ ਜੀ ਜਿਹੜੀ ਗੱਲ ਮੂੰਹੋਂ ਕੱਢ ਬਹਿੰਦੇ ਹਨ, ਉਸ ਉਤੇ ਡਟੀ ਹੀ ਜਾਂਦੇ ਹਨ । ਤੁਸੀਂ ਫ਼ਿਕਰ ਨਾ ਕਰੋ । ਬਾਪੂ ਜੀ ਨੂੰ ਦੱਸਿਆਂ ਬਗ਼ੈਰ ਹੀ ਸਵੇਰੇ ਸ੍ਰੀ ਅਖੰਡਪਾਠ ਸਾਹਿਬ ਅਰੰਭ ਕਰ ਲਓ । ਅਰੰਭ ਕਰਨ ਤੋਂ ਮਗਰੋਂ ਉਨ੍ਹਾਂ ਨੂੰ ਦਸ ਦਿਆ ਜੇ । ਫਿਰ ਉਹ ਆਪੇ ਹੀ ਰੁਕ ਜਾਣਗੇ ।" ਇਹ ਸਲਾਹ ਸਾਨੂੰ ਬੜੀ ਚੰਗੀ ਲੱਗੀ । ਤਾਂ ਬਾਕੀ ਸਿੰਘਾਂ ਨਾਲ ਭੀ ਅਸੀਂ ਇਹੋ ਮਤਾ ਪਕਾਅ ਲਿਆ ਕਿ ਸਵੇਰੇ ਚੁੱਪ-ਚੁਪੀਤੇ ਹੀ ਸ੍ਰੀ ਅਖੰਡ ਪਾਠ ਸਾਹਿਬ ਸ਼ੁਰੂ ਕਰ ਦਈਏ । ਇਕ ਦੋ ਸਿੰਘ ਸ਼ਹਿਰ ਜਾ ਕੇ ਲੋਕਲ ਸਿੰਘਾਂ ਨੂੰ ਖ਼ਬਰ ਕਰ ਦੇਣ ਕਿ ਭਾਈ ਸਾਹਿਬ ਫਲਾਣੀ ਕੋਠੀ ਰਾਤ ਦੇ ਉਤਰੇ ਹੋਏ ਹਨ ਅਤੇ ਓਥੇ ਅਖੰਡ ਪਾਠੀਆਂ ਦੀ ਲੋੜ ਹੈ । ਇਤਨੇ ਨਾਲ ਦਿਲ ਨੇ ਕੁਝ ਹੌਸਲਾ ਫੜ ਲਿਆ । ਪਰ ਦਿਲ ਵਿਚ ਬੈਠਾ 'ਚੋਰ' ਇਹ ਕਹੀ ਹੀ ਜਾਵੇ ਕਿ ਭਲਕ ਚੜ੍ਹ ਤੇ ਜਾਣਾਂਗੇ ।

ਫਿਰ ਦਾਸ ਨੇ ਭਾਈ ਜਗਤ ਸਿੰਘ ਹੁਰਾਂ ਨੂੰ ਅੱਡ ਕਰ ਕੇ ਪੁਛਿਆ ਕਿ ਪੰਜੋਖਰਾ ਸਾਹਿਬ ਤੋਂ ਏਥੇ ਆਉਂਦਿਆਂ ਇਤਨੀ ਦੇਰ ਕਿਉਂ ਲਗ ਗਈ ? ਪੰਧ ਤਾਂ ਇਤਨਾ ਨਹੀਂ ਹੈ ।

ਭਾ: ਜਗਤ ਸਿੰਘ –ਕੀ ਦਸਾਂ ? ਬੜੀ ਹੀ ਮੁਸ਼ਕਲ ਦਾ ਸਾਹਮਣਾ ਆ ਪਿਆ ਸੀ । ਭਾਈ ਸਾਹਿਬ ਜੀ ਨੇ ਏਥੇ ਅਖੰਡ ਪਾਠ ਤੇ ਹਾਜ਼ਰੀਆਂ ਭਰਨ ਲਈ ਬੜੇ ਸਾਫ਼ ਲਫ਼ਜ਼ਾਂ ਵਿਚ ਮੈਨੂੰ 'ਹਾਂ' ਕੀਤੀ ਸੀ । ਮੇਰੇ ਅਜ ਪੰਜੋਖਰਾ ਸਾਹਿਬ ਪਹੁੰਚਣ ਮਗਰੋਂ ਪਰਸ਼ਾਦ-ਪਾਣੀ ਛਕ ਕੇ ਭਾਈ ਸਾਹਿਬ ਤਿਆਰ ਹੋ ਕੇ ਮੰਜੇ ਉਤੇ ਬੈਠ ਗਏ । ਸਿੰਘਾਂ ਨੇ ਭੀ ਲੰਗਰ ਛਕਣ ਅਤੇ ਏਧਰ ਆਉਣ ਦੇ ਤਿਆਰੇ ਵਿਚ ਆਪਣੇ ਕਛਹਿਰੇ ਪਰਨੇ ਆਦਿ ਇਕੱਠੇ ਕਰਨੇ ਸ਼ੁਰੂ ਕਰ ਦਿਤੇ । [ਪੰਜੋਖਰਾ ਸਾਹਿਬ ਗੁਰਦਵਾਰੇ, ਜਿਥੇ ਭਾਈ ਸਾਹਿਬ ਜੀ ਦਾ ਉਤਾਰਾ ਸੀ, ਅਤੇ ਪੰਜੋਖਰਾ ਪਿੰਡ ਦੇ ਦਰਮਿਆਨ ਇਕ ਬਰਸਾਤੀ ਨਾਲਾ ਹੈ, ਜਿਸ ਵਿਚ ਗੋਡੇ ਕੁ ਤਕ ਦੀ ਗਹਿਰਾਈ ਦਾ ਪਾਣੀ ਬਰਸਾਤਾਂ ਵਿਚ ਚਲਦਾ ਰਹਿੰਦਾ ਹੈ] । ਕਾਰ ਬਰਸਾਤੀ ਨਾਲੇ ਦੇ ਪਿੰਡ ਵਾਲੇ ਪਾਸੇ ਸੜਕ ਉੱਤੇ ਖੜ੍ਹੋਤੀ ਹੋਈ ਸੀ । ਇਸ ਦੇ ਨਾਲ ਸਿੰਘਾਂ ਅਤੇ ਉਨ੍ਹਾਂ ਦੇ ਸਮਾਨ ਵਾਸਤੇ ਕੁਝ ਰਿਕਸ਼ੇ ਭੀ ਕੀਤੇ ਹੋਏ ਸਨ । ਜਦ ਸਾਰੇ ਸਿੰਘ ਤਿਆਰ ਹੋ ਗਏ ਤਾਂ ਸਿੰਘਾਂ ਨੇ ਭਾਈ ਸਾਹਿਬ ਜੀ ਨੂੰ ਚੰਗੀ ਤਰ੍ਹਾਂ ਮੰਜੇ ਉੱਤੇ ਬਿਠਾ ਲਿਆ ਅਤੇ ਉਨ੍ਹਾਂ ਦਾ ਮੰਜਾ ਚੁੱਕ ਕੇ ਪਿੰਡ ਵਲ ਨੂੰ ਹੋ ਤੁਰੇ । ਜਦ ਸਿੰਘ ਭਾਈ ਸਾਹਿਬ ਜੀ ਦਾ ਮੰਜਾ ਉਠਾਈ ਬਰਸਾਤੀ ਨਾਲੇ ਦੇ ਅੱਧ ਕੁ ਵਿਚ ਪਹੁੰਚੇ ਤਾਂ ਭਾਈ ਸਾਹਿਬ ਨੇ ਕਿਹਾ, "ਠਹਿਰ ਜਾਓ । ਅਸੀਂ ਨਹੀਂ ਜਾਣਾ ।" ਤਾਂ ਸਿੰਘਾਂ ਨੇ ਉੱਥੇ ਹੀ ਆਪਣੇ ਕਦਮ ਰੋਕ ਲਏ । ਉਪਰੋਂ ਬਰਸਾਤ ਦੀ ਨਿੱਕੀ ਨਿੱਕੀ ਕਿਣ-ਮਿਣ ਲਗੀ ਹੋਈ ਸੀ । ਥੱਲਿਓਂ ਬਰਸਾਤੀ ਨਾਲਾ ਵਹਿ ਰਿਹਾ ਸੀ । ਸਿੰਘ ਮੰਜੇ ਉਤੇ ਭਾਈ ਸਾਹਿਬ ਦਾ ਵਜ਼ਨ ਚਾਈ ਖੜੇ ਸਨ । ਮੈਂ ਭਾਈ ਸਾਹਿਬ ਜੀ ਨੂੰ ਕਿਹਾ, "ਬਾਪੂ ਜੀ ਤੁਸੀਂ ਇਕਰਾਰ ਕੀਤਾ ਸੀ ਜੀ, ਜਾਣ ਦਾ । ਇਸ ਲਈ ਹੁਣ ਜ਼ਰੂਰ ਜਾਣਾ ਹੈ ਜੀ ।" ਉਹ ਅਗੋਂ ਕਹਿਣ, "ਨਹੀਂ ਜਾਣਾ ।" ਮੈਂ ਕਿਹਾ,"ਬਾਪੂ ਜੀ, ਹੁਣ ਸਾਰੇ ਸਿੰਘ ਤੁਹਾਡੇ ਸਮੇਤ ਤਿਆਰ ਹੋ ਕੇ ਆਏ ਹੋਏ ਨੇ, ਰਿਕਸ਼ੇ ਅਤੇ ਕਾਰ ਉਡੀਕ ਰਹੇ ਨੇ । ਉੱਤੋਂ ਮੀਂਹ ਪੈਣ ਡਿਆ ਹੋਇਆ ਏ । ਏਥੇ ਖੜੋਤੇ ਐਵੇਂ ਭਿੱਜਦੇ ਪਏ ਹਾਂ । ਇਸ ਲਈ ਜ਼ਰੂਰ ਜਾਣਾ ਹੈ ਜੀ ।" ਉਹ ਕਹਿਣ, "ਨਹੀਂ ਜਾਣਾ ।" ਮੈਂ ਉਨ੍ਹਾਂ ਦੇ ਚਰਨ ਫੜ ਲਏ ਅਤੇ ਬੇਨਤੀ ਕੀਤੀ ਕਿ "ਬਾਪੂ ਜੀ, ਜ਼ਰੂਰ ਜਾਣਾ ਹੈ ਜੀ ।" ਉਹ ਕਹਿਣ "ਨਹੀਂ ਜਾਣਾ ।" ਤਾਂ ਮੈਂ ਸਿੰਘਾਂ ਨੂੰ ਕਿਹਾ


www.AKJ.Org

ਕਿ "ਤੁਸੀਂ ਮੰਜਾ ਲੈ ਕੇ ਅਗਾਹਾਂ ਨੂੰ ਤੁਰੋ ਖਾਂ। ਤੁਸੀਂ ਕਿਉਂ ਦਰਿਆ ਵਿਚ ਖੜੋਤੇ ਸਾਰਿਆਂ ਨੂੰ ਭਿਉਣ ਡਹੇ ਜੇ ? ਸਿੰਘ ਕਹਿਣ, ਜ ਭਾਈ ਸਾਹਿਬ ਜੀ ਕਹਿਣਗੇ ਤਾਂ ਤੁਰਾਂਗੇ, ਨਹੀਂ ਤੇ ਨਹੀਂ। ਮੈਂ ਫਿਰ ਭਾਈ ਸਾਹਿਬ ਜੀ ਨੂੰ ਬੇਨਤੀ ਕਰਾਂ ਕਿ, "ਬਾਪੂ ਜੀ, ਚੱਲੋ ਜੀ।" ਉਹ ਕਹਿਣ, "ਨਹੀਂ ਜਾਣਾ।" ਦਰਿਆ ਵਿਚ ਖੜਿਆਂ ਇਸ ਕਸ਼-ਮਕਸ਼ ਵਿਚ ਹੀ ਕਾਫ਼ੀ ਸਮਾਂ ਬਤੀਤ ਹੋ ਗਿਆ। ਮੈਂ ਫਿਰ ਕਿਹਾ, "ਬਾਪੂ ਜੀ, ਰਾਤ ਦਰਿਆ ਵਿਚ ਹੀ ਕੱਟਣੀ ਹੈ ਕਿ ਅੱਗੇ ਜਾਣਾ ਹੈ ?" ਉਹ ਕਹਿਣ, "ਨਹੀਂ ਜਾਣਾ।" ਮੈਂ ਫਿਰ ਉਨ੍ਹਾਂ ਦੇ ਚਰਨ ਫੜ ਲਏ ਅਤੇ ਕਿਹਾ, "ਬਾਪੂ ਜੀ, ਭਾਵੇਂ ਕੁਝ ਹੋਵੇ, ਜ਼ਰੂਰ ਜਾਣਾ ਹੈ।" ਤਾਂ ਕਿਤੇ ਰੱਬ ਕਰਾਇਆ ਅਤੇ ਭਾਈ ਸਾਹਿਬ ਜੀ ਦੇ ਮੂੰਹੋਂ ਨਿਕਲਿਆ ਕਿ "ਅੱਛਾ ਚਲੋ" ਤੇ ਅਸੀਂ ਤੁਰੇ। ਨਹੀਂ ਤਾਂ ਅਸੀਂ ਕਾਫ਼ੀ ਵੇਲੇ ਸਿਰ ਹੀ ਆ ਜਾਣਾ ਸੀ। ਨਾਲੇ ਸਾਈਕਲਾਂ ਅਤੇ ਰਿਕਸ਼ੇ ਵਾਲਿਆਂ ਨੂੰ ਭੀ ਹਨੇਰੇ ਵਿਚ ਨਾਲ ਨਾਲ ਲਿਆਉਣਾ ਸੀ, ਇਸ ਲਈ ਭੀ ਦੇਰ ਹੋ ਗਈ।

ਥੋੜੀ ਦੇਰ ਆਰਾਮ ਕਰ ਕੇ ਸਿੰਘਾਂ ਨੇ ਅੰਮ੍ਰਿਤ ਵੇਲੇ ਦੇ ਇਲਾਹੀ ਰੰਗ ਖਿੜਾ ਦਿਤੇ। ਫਿਰ ਆਸਾ ਜੀ ਦੀ ਵਾਰ ਦੇ ਦਲੰਤ ਕੀਰਤਨ ਤੋਂ ਉਪਰੰਤ ਸ੍ਰੀ ਅਖੰਡਪਾਠ ਸਾਹਿਬ ਅਰੰਭ ਕਰ ਦਿਤੇ ਗਏ। ਬਾਅਦ ਵਿਚ ਭਾਈ ਸਾਹਿਬ ਜੀ ਨੂੰ ਖ਼ਬਰ ਕੀਤੀ ਗਈ। ਭਾਈ ਸਾਹਿਬ ਖ਼ਾਮੋਸ਼ ਹੀ ਰਹੇ ਅਤੇ ਕੁਝ ਨਾ ਬੋਲੇ। ਗੁਰੂ ਕੇ ਰੰਗ ਰਤੜੇ ਲਾਲਾਂ ਨੇ ਗੁਰਬਾਣੀ ਦੀਆਂ ਧੁਨੀਆਂ ਨਾਲ ਘਰ ਬਾਹਰ ਕੀ, ਸਾਰਾ ਮੰਡਲ ਹੀ ਵਿਸਮਾਦ ਕਰ ਦਿਤਾ। ਬੀਬੀਆਂ ਆਪਣੇ ਗੁਰਸਿੱਖੀ ਪਿਆਰ ਦਾ ਪ੍ਰਗਟਾਵਾ ਗੁਰੂ ਕੇ ਲੰਗਰ ਦੇ ਚਾਵਾਂ ਭਰੇ ਤਿਆਰੇ ਦੁਆਰਾ ਕਰ ਰਹੀਆਂ ਸਨ। ਭਾਈ ਬਾਵਾ ਸਿੰਘ ਜੀ ਸਿੰਘਾਂ ਦੀ ਰਸ-ਰਸੀਲੀ ਖੁਸ਼ੀ ਪ੍ਰਾਪਤ ਕਰਨ ਲਈ ਨਾਮ ਜਪਦੇ ਹੋਏ ਦਿਲ-ਖਿਚਵੇਂ ਜਲੇਬ ਤਿਆਰ ਕਰ ਰਹੇ ਸਨ। ਦੂਰ ਨੇੜੇ ਦੇ ਸਿੰਘਾਂ ਨੂੰ ਪਤਾ ਨਹੀਂ ਕਿਵੇਂ ਝਟ ਪਟ ਖ਼ਬਰਾਂ ਪਹੁੰਚ ਗਈਆਂ, ਸਭ ਨੇ ਵਹੀਰਾਂ ਘਤ ਕੇ ਦਾਸ ਦੇ ਗ੍ਰਿਹ ਨੂੰ ਆ ਭਾਗ ਲਾਏ। ਵਿਚੋਂ ਹੀ ਟਾਵੇਂ ਟਾਵੇਂ ਸਿੰਘ ਹਸਪਤਾਲ ਜਾ ਕੇ ਕਾਕੇ ਦੀ ਸੇਹਤ ਬਾਰੇ ਭੀ ਪੁੱਛ-ਗਿੱਛ ਕਰ ਆਉਂਦੇ ਰਹੇ।

ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪੈਣ ਤੋਂ ਪਹਿਲਾਂ ਦਾਸ ਨੂੰ ਸਿੰਘਾਂ ਨੇ ਕਿਹਾ, "ਜਾਓ, ਕਾਕੇ ਅਤੇ ਭੈਣ ਜੀ ਨੂੰ ਹਸਪਤਾਲੋਂ ਲੈ ਆਓ। ਉਹ ਭੀ ਆ ਕੇ ਭੋਗ ਸੁਣ ਲੈਣ।" ਦਾਸ ਸੰਗਤ ਦਾ ਬਚਨ ਮੰਨ ਹਸਪਤਾਲ ਨੂੰ ਤੁਰਿਆ। ਓਥੇ ਜਾ ਕੇ ਕੀ ਦੇਖਿਆ ? ਸਿੰਘਣੀ ਦੀਆਂ ਅੱਖੀਆਂ ਜਲ ਭਰੀਆਂ ਹੋਈਆਂ ਹਨ ਅਤੇ ਕਾਕਾ ਕਾਫ਼ੀ ਬੇ-ਸੁਧੀ ਵਿਚ ਪਿਆ ਹੈ। ਸਿੰਘਣੀ ਨੂੰ ਪੁਛਿਆ, "ਕੀ ਗਲ ਹੈ ? ਇਸ ਤਰ੍ਹਾਂ ਕਿਉਂ ਬੈਠੇ ਜੇ ?" ਤਾਂ ਸਿੰਘਣੀ ਦੇ ਅੱਖਾਂ ਵਿਚ ਰੋਕੇ ਹੋਏ ਅੱਥਰੂ ਵਹਿ ਤੁਰੇ ਅਤੇ ਕਾਕੇ ਵੱਲ ਹੱਥ ਦਾ ਇਸ਼ਾਰਾ ਕਰ ਕੇ ਕਹਿਓ ਨੇ, "ਇਹ ਤਾਂ ਤੁਰਿਆ ਜਾਂਦਾ ਏ।" ਇਹ ਸੁਣ ਕੇ ਮਨ ਵਿਚ ਬੜਾ ਅਫ਼ਸੋਸ ਹੋਇਆ, ਅਤੇ ਮੇਰੇ ਪੈਰ ਜਕੜੇ ਗਏ। ਆਖ਼ਰ ਹਿੰਮਤ ਕਰ ਕੇ ਕੁਝ ਬੋਲੇ ਬਿਨਾਂ ਹੀ ਪੁੱਠੀ ਪੈਰੀਂ ਵਾਪਸ ਪਰਤ ਆਇਆ।

ਸਿੰਘਾਂ ਨੇ ਘਰ ਆਏ ਨੂੰ ਪੁੱਛਿਆ, 'ਕਾਕਾ ਕਿਉਂ ਨਹੀਂ ਆਇਆ ?' ਦਾਸ ਨੇ ਰੁਕਵੀਂ ਜ਼ਬਾਨ ਵਿਚ ਕਿਹਾ, "ਉਹ ਹੁਣ ਆਉਣ ਜੋਗਾ ਨਹੀਂ। ਉਹ ਤਾਂ ਅਗਾਂਹ ਦੀਆਂ ਤਿਆਰੀਆਂ ਵਿਚ ਹੈ।" ਇਤਨੀ ਗੱਲ ਸੁਣਨ ਨਾਲ ਸਿੰਘਾਂ ਦੇ ਮਨ ਵਿਚ ਬੜਾ ਬੈਰਾਗ-ਉਛਾਲਾ ਆਇਆ। ਭਾਈ ਆਤਮਾ ਸਿੰਘ ਜੀ ਅਤੇ ਭਾਈ ਜਗਤ ਸਿੰਘ ਜੀ ਸਿੱਧੇ ਭਾਈ ਸਾਹਿਬ ਪਾਸ (ਜੋ ਉਸ ਵਕਤ ਮੰਜੇ ਉੱਤੇ ਲੇਟੇ ਹੋਏ ਸਨ) ਪਹੁੰਚੇ, ਅਤੇ ਹੱਥ ਜੋੜ ਕੇ ਕਹਿਓ ਨੇ, "ਬਾਪੂ ਜੀ, ਕੋਈ ਕਿਰਪਾ ਕਰੋ ਜੀ। ਕਾਕਾ ਬਹੁਤ ਹੀ ਢਿੱਲਾ ਹੈ। ਅੰਤ ਸਮਾਂ ਨਜ਼ਦੀਕ ਹੀ ਜਾਪਦਾ ਹੈ ਜੀ। ਬੀਬੀ ਦੀ ਹਾਲਤ ਦੇਖ ਕੇ ਝੱਲੀ ਨਹੀਂ ਜਾਂਦੀ। ਇੱਕੋ ਹੀ ਬੱਚਾ ਹੈ ਜੀ।" ਭਾਈ ਸਾਹਿਬ ਕੁਝ ਨਾ ਬੋਲੇ। ਕੁਝਕੁ ਦੇਰ ਮਗਰੋਂ ਪੁੱਛਿਓ ਨੇ ਕਿ ਸ੍ਰੀ ਅਖੰਡਪਾਠ ਦੇ ਅਰੰਭ ਵਿਚ ਕੀ ਹੁਕਮ ਆਇਆ ਸੀ ? ਹੁਕਮ ਤਾਂ ਸਾਨੂੰ ਕਿਸੇ ਨੂੰ ਭੀ ਯਾਦ ਨਹੀਂ ਸੀ। ਦਾਸ ਨੇ ਕਿਹਾ, "ਬਾਪੂ ਜੀ, ਹੁਕਮ ਤਾਂ ਯਾਦ ਨਹੀਂ, ਪਰ ਉਸਦਾ ਭਾਵ ਨਾਮ ਜਪਣ ਦਾ ਸੀ।" ਇਹ ਸੁਣ ਕੇ ਭਾਈ ਸਾਹਿਬ ਜੀ ਖਿੜਖਿੜਾ ਕੇ ਹੱਸੇ, ਅਤੇ ਦੁਹਰਾਇਓ ਨੇ, 'ਅੱਛਾ, ਹੁਕਮ ਨਾਮ ਜਪਣ ਦਾ ਸੀ ਅਤੇ ਫਿਰ ਹੱਸੇ।'



www.AKJ.Org

ਇਤਨੇ ਨੂੰ ਲੰਗਰ ਦੀ ਸੇਵਾ ਕਰ ਰਹੀਆਂ ਬੀਬੀਆਂ ਨੇ 'ਸੱਪ ਸੱਪ' ਦਾ ਰੌਲਾ ਪਾ ਦਿੱਤਾ । ਇਕ ਸਿੰਘ ਭਾਈ ਸਾਹਿਬ ਜੀ ਦੀ ਸੋਟੀ ਲੈ ਕੇ ਲੰਗਰ ਵੱਲ ਦੌੜ ਗਿਆ, ਅਤੇ ਸੱਪ ਦੀ ਬੰਦ-ਖਲਾਸ ਕਰ ਦਿੱਤੀਓਸੁ । ਭਾਈ ਸਾਹਿਬ ਜੀ ਕਹਿੰਦੇ ਹੀ ਰਹਿ ਗਏ, 'ਮੇਰੀ ਸੋਟੀ ਨਾਲ ਨਾ ਮਾਰਿਓ, ਮੇਰੀ ਸੋਟੀ ਨਾਲ ਨਾ ਮਾਰਿਓ ।' ਜਦ ਸਿੰਘ ਨੇ ਵਾਪਸ ਆ ਕੇ ਦੱਸਿਆ ਕਿ ਉਨ੍ਹਾਂ ਦੀ ਸੋਟੀ ਨਾਲ ਹੀ ਸੱਪ ਮਾਰਿਆ ਹੈ ਤਾਂ ਭਾਈ ਸਾਹਿਬ ਜੀ ਬੜੇ ਗੁੱਸੇ ਹੋਏ ਕਿ, "ਮੇਰੀ ਸੋਟੀ ਨਾਲ ਕਿਉਂ ਮਾਰਿਆ ਹੈ ? ਤੁਹਾਨੂੰ ਮਨਹ ਕੀਤਾ ਸੀ । ਤੁਸੀਂ ਆਖੇ ਨਹੀਂ ਲਗਦੇ । ਆਪਣੀ ਹੀ ਜੀਅ ਆਈ ਕਰਦੇ ਜੇ", ਇਤ ਆਦਿ ਕਈ ਹੋਰ ਸ਼ਬਦ ਬੋਲੇ । ਪਰ ਸਿੰਘਾਂ ਦੀ ਪਹਿਲੀ ਬੇਨਤੀ ਦਾ ਕੋਈ ਜਵਾਬ ਨਾ ਦਿੱਤਾ । ਦਾਸ ਦਾ ਮਨ ਤਾਂ ਹਿਰਖ ਨਾਲ ਬਹੁਤ ਹੀ ਭਰਿਆ ਹੋਇਆ ਸੀ, ਅਤੇ ਸੋਚ ਰਿਹਾ ਸੀ ਕਿ ਪਤਾ ਨਹੀਂ ਕਿਹੜੀ ਘੜੀ ਹਸਪਤਾਲੋਂ ਮਾੜੀ ਖ਼ਬਰ ਨੇ ਆ ਜਾਣਾ ਹੈ । ਬੇ-ਵੱਸੀ ਵਿਚ ਦਾਸ ਚੁੱਪ ਕਰ ਕੇ ਸੰਗਤ ਵਿਚ ਭੋਗ ਸੁਣਨ ਲਈ ਜਾ ਬੈਠਾ । ਭੋਗ ਪੈ ਗਿਆ । ਸੰਗਤ ਨੇ ਅਰਦਾਸ ਕੀਤੀ । ਹੁਕਮ ਆਇਆ–

ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ
ਨ ਆਵੈ ॥੧॥ ਮੇਰੇ ਰਾਮਰਾਇ ਤੂੰ ਸੰਤਾ ਕਾ ਸੰਤ ਤੇਰੇ ॥ ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ
ਆਵੈ ਨੇਰੇ ॥੧॥ਰਹਾਉ॥ ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥ ਤੇਰੀ ਬਖਸ ਨ
ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥ ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥
ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥ ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ
ਜਾਣਾ ਤੇਰੀ ॥ ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥ ਸੂਹੀ ਮ: ੫, ੭੪੯-

ਦੇਗ ਵਰਤ ਕੇ ਝੱਟ ਪੱਟ ਹੀ ਕੀਰਤਨ ਅਰੰਭ ਹੋ ਗਿਆ । ਰੰਗ-ਰੱਤੜੇ ਕੀਰਤਨ ਕਰਨ ਵਾਲਿਆਂ ਹੀਰਿਆਂ ਨੇ ਬੇਨਤੀ ਭਰੀਆਂ ਜੋਦੜੀਆਂ ਵਿਚ ਹਰਿ ਜਸ ਦੀਆਂ ਘੁੰਮਰਾਂ ਨਾਲ ਕੀਰਤਨ-ਅਖਾੜੇ ਵਿਚ ਇਲਾਹੀ ਗੁੰਜਾਰਾਂ ਖਿੜਾ ਦਿਤੀਆਂ । ਕੀਰਤਨ-ਧੁੰਨੀਆਂ ਨੂੰ ਥਲੇ ਆਉਣ ਹੀ ਨਾ ਦੇਣ । ਇਸ ਗੁੰਜਾਰ ਭਰੀ ਗਹਿਮਾ-ਗਹਿਮ ਵਿਚ ਭਾਈ ਸਾਹਿਬ ਭੀ ਸੰਗਤ ਵਿਚ ਆ ਬਿਰਾਜੇ । ਬੱਸ ਫਿਰ ਕੀ ਸੀ ? ਕੀਰਤਨ ਹੀ ਕੀਰਤਨ, ਕੀਰਤਨ ਹੀ ਕੀਰਤਨ, ਨਾਮ ਦੇ ਖੰਡੇ ਅਤੇ ਕੀਰਤਨ ਹੀ ਕੀਰਤਨ । ਅੰਤ ਨੂੰ ਆਸਾ ਜੀ ਦੀ ਵਾਰ ਦਾ ਭੋਗ ਪਿਆ । ਸੰਗਤ ਨੇ ਸਤਿਗੁਰਾਂ ਅੱਗੇ ਕਾਕੇ ਦੀ ਦੇਹ-ਅਰੋਗਤਾ ਲਈ ਲਿਲਕੜੀਆਂ ਲੈ ਕੇ ਅਰਦਾਸ ਕੀਤੀ । ਹੁਕਮ ਫਿਰ ਹੌਸਲਾ-ਅਫ਼ਜ਼ਾਈ ਦਾ ਹੀ ਆਇਆ । ਦੇਗ ਵਰਤੀ ਅਤੇ ਸੰਗਤ ਲੰਗਰ ਛੱਕਣ ਲਈ ਸਜ ਗਈ ।

ਵਿਚ ਵਿਚ ਕੁਝ ਕੁ ਸਿੰਘਾਂ ਨੂੰ ਇਸ ਪ੍ਰਕਾਰ ਬਚਨ ਕਰਦਿਆਂ ਨੂੰ ਸੁਣਿਆ, "ਸੱਪ ਦਾ ਇਸ ਮੌਕਿਆ ਉੱਤੇ ਨਿਕਲਣਾ ਅਤੇ ਮਾਰੇ ਜਾਣਾ ਚੰਗੀ ਹੀ ਨਿਸ਼ਾਨੀ ਜਾਪਦੀ ਹੈ । ਉਮੀਦ ਹੈ ਕਾਕਾ ਠੀਕ ਹੋ ਜਾਏਗਾ । ਰੱਬ ਦੇ ਘਰ ਕਿਸੇ ਗੱਲ ਦਾ ਘਾਟਾ ਨਹੀਂ । ਹੁਕਮ ਭੀ ਤਾਂ ਦੇਖੋ ਕੈਸੀਆਂ ਚੜ੍ਹਦੀਆਂ ਕਲਾਂ ਦੇ ਆਏ ਹਨ ।" ਲੰਗਰ ਛਕਣ ਦੇ ਪਿੱਛੋਂ ਬਹੁਤ ਸਾਰੀਆਂ ਸੰਗਤਾਂ ਹਸਪਤਾਲ ਹੀ ਪਹੁੰਚ ਗਈਆਂ । ਓਹੋ ਕਾਕਾ, ਜੋ ਅਗਾਂਹ ਦੀਆਂ ਤਿਆਰੀਆਂ ਵਿਚ ਸੀ, ਪਿਛਾਂਹ ਨੂੰ ਮੋੜੇ ਪਾ ਆਇਆ । ਇਹ ਖ਼ੁਸ਼ੀ ਦੀ ਖ਼ਬਰ ਝੱਟ ਪੱਟ ਬਾਕੀ ਦੀ ਸੰਗਤ ਵਿਚ ਭੀ ਪਹੁੰਚ ਗਈ । ਸਭ ਨੇ ਗੁਰੂ ਜੀ ਦਾ ਸ਼ੁਕਰਾਨਾ ਕਰਦਿਆਂ ਹੋਇਆਂ ਖੁਸ਼ੀ ਮਨਾਈ ।

ਹੁਣ ਭਾਈ ਸਾਹਿਬ ਜੀ ਕਹਿਣ, "ਅਸੀਂ ਲੁਧਿਆਣੇ ਨਹੀਂ ਜਾਣਾ, ਏਥੇ ਹੀ ਰਹਿਣਾ ਹੈ । ਇਹ ਮਕਾਨ ਚੰਗਾ ਹੈ ।" ਭਾਈ ਸਾਹਿਬ ਜੀ ਨੇ ਆਪਣੇ ਸੰਗੀਆਂ ਸਮੇਤ ਹਫ਼ਤਾ ਕੁ ਏਥੇ ਹੀ ਰੱਬੀ ਰੰਗਾਂ ਦੀਆਂ ਝੜੀਆਂ ਲਾਈਆਂ । ਇਕ ਦਿਨ ਕਹਿਣ ਲੱਗੇ, "ਬਾਊ ਜੀ ਸੁਣਨਗੇ ਤਾਂ ਖੁਸ਼ ਹੋਣਗੇ ।" (ਉਨ੍ਹੀਂ ਦਿਨੀਂ ਬਾਊ ਜੀ ਆਪਣੇ ਸਪੁੱਤਰ Lt.Cn.ਕੁਲਵੰਤ ਸਿੰਘ ਹੁਰਾਂ ਪਾਸ ਆਗਰੇ ਟਿਕੇ ਹੋਏ ਸਨ) ।

ਬੀਬੀ ਦਲੇਰ ਕੌਰ ਜੀ ਦੇ ਜ਼ੋਰ ਦੇਣ ਤੇ ਭਾਈ ਸਾਹਿਬ ਵਾਪਸ ਲੁਧਿਆਣੇ ਜਾਣ ਲਈ ਮੰਨ ਗਏ, ਅਤੇ ਸਿੰਘਾਂ ਨੇ ਵਾਪਸੀ ਦੇ ਤਿਆਰੇ ਕੱਸ ਲਏ । ਦਾਸ ਦੇ ਅੰਦਰ ਤਾਂ ਇਸ ਪਰਉਪਕਾਰੀ ਜੱਥੇ ਦੇ ਵਿਛੜੇ ਨੇ ਵੈਰਾਗ ਦੇ ਕੜ ਛੋੜ ਦਿੱਤੇ । ਬਚਨ ਕਰਨ ਦੀ ਥਾਂ ਭੀ ਹੰਝੂ ਹੀ ਵਹੀ ਜਾਣ । ਆਖ਼ਰ ਗੁਰੂ ਪਿਆਰੇ ਮੇਰੇ ਦੇਖਦੇ ਦੇਖਦੇ ਤੁਰ ਹੀ ਗਏ । ਇਸ ਤੋਂ ਬਾਅਦ ਅਕਾਲ ਚਲਾਣੇ ਤੱਕ ਮੁੜ ਭਾਈ ਸਾਹਿਬ ਜੀ ਲੁਧਿਆਣਿਓਂ ਬਾਹਰ ਨਹੀਂ ਗਏ ।

[ਪੁਸਤਕ "ਜੀਵਨ ਚਰਿੱਤਰ ਭਾ: ਸਾ: ਰਣਧੀਰ ਸਿੰਘ" ਵਿਚੋਂ

www.AKJ.Org

# ਵਾਹਿਗੁਰੂ ਜੀ ਕਾ "ਖਾਲਸਾ"

[ਪ੍ਰੋਫੈਸਰ ਪੂਰਨ ਸਿੰਘ ਜੀ]

ਜੇ ਬਹਾਦਰੀ ਚੜ੍ਹਦੀ ਕਲਾ ਵਿਚ ਹੈ ਤਦ ਉਸ ਬਹਾਦਰੀ ਦੀ ਨੀਂਹ ਉਚੀ ਜਾ ਚੜ੍ਹੀ ਹੈ, ਤਦ ਤਨ ਜਾਏਗਾ, ਧਨ ਜਾਏਗਾ, ਧਾਮ ਜਾਏਗਾ, ਸਰਬੰਸ ਜਾਏਗਾ, ਪਰ ਉਸ ਦੀ ਸੂਰਬੀਰਤਾ ਨਹੀਂ ਜਾਏਗੀ।

ਮਲੂਮ ਸਰੀਰ ਵੱਡਾ ਹੁੰਦਾ ਹੈ, ਪਰ ਵੱਡਾ ਮਨ ਹੈ, ਖ਼ਿਆਲ ਦਾ ਮੰਡਲ ਵੱਡਾ ਹੈ, ਦੁਖ ਸੁਖ ਖ਼ਿਆਲ ਵਿਚ ਵਸਦਾ ਹੈ, ਜਦ ਖ਼ਿਆਲ ਵਿਚੋਂ ਪੀੜ ਜਿਤ ਲਈਦੀ ਹੈ ਤਾਂ ਸੂਰਮਾ ਅਗੇ ਵਧ ਕੇ ਘਾਉ ਖਾ ਕੇ ਮਰਦਾ ਹੋਇਆ ਵੀ ਪੀੜ ਨਹੀਂ ਮੰਨਦਾ।

ਖ਼ਿਆਲ ਵਿਚੋਂ ਪੀੜ ਤੇ ਫ਼ਤਿਹ ਪਾਣ ਲਈ ਖ਼ਿਆਲ ਬਲਵਾਨ ਕਰਨੇ ਲੋੜੀਏ, ਖ਼ਿਆਲ ਪੂਰਾ ਤੇ ਅਸਲੀ ਬਲਵਾਨ ਵਾਹਿਗੁਰੂ ਦੀ ਸਮੀਪਤਾ ਨਾਲ ਹੁੰਦਾ ਹੈ। ਵਾਹਿਗੁਰੂ ਦੀ ਸਮੀਪਤਾ ਉਸ ਦੀ ਬਾਣੀ ਤੇ ਨਾਮ ਦੇ ਅਭਿਆਸ ਨਾਲ ਹੁੰਦੀ ਹੈ। ਇਸ ਕਰਕੇ ਗੁਰੂ ਘਰ ਵਿਚ ਬਾਣੀ ਤੇ ਨਾਮ ਦਾ ਪਿਆਰ ਹੈ। ਬਾਣੀ ਵਾਹਿਗੁਰੂ ਦਾ ਤੀਰ ਹੈ ਤੇ ਨਾਮ ਵਾਹਿਗੁਰੂ ਦਾ ਰੂਪ ਹੈ। ਬਾਣੀ ਛੇਕ ਪਾ ਕੇ ਮਨ ਵਿੰਨ੍ਹਦੀ ਹੈ ਤੇ ਨਾਮ ਪ੍ਰਵੇਸ਼ ਕਰ ਕੇ ਆਤਮਾ ਨੂੰ ਪਰਮਾਤਮਾ ਦੇ ਨਾਲ ਠਹਿਕਾ ਦੇਂਦਾ ਹੈ। ਫੇਰ ਰੱਬੀ ਰੌ ਆਤਮਾ ਵਿਚ ਹਰ ਵੇਲੇ ਆਉਂਦੀ ਰਹਿੰਦੀ ਹੈ। ਫੇਰ ਇਸ ਬੰਦੇ ਦਾ ਬਲ ਵਾਹਿਗੁਰੂ ਦੇ ਬਲ ਨਾਲ ਜੁੜ ਕੇ ਉਥੋਂ ਤਾਕਤ ਲੈਂਦਾ ਹੈ। ਇਸ ਕਰਕੇ ਅਸੀਂ ਆਖਦੇ ਹਾਂ—

"ਵਾਹਿਗੁਰੂ ਜੀ ਕਾ ਖਾਲਸਾ"

ਖਾਲਸਾ ਵਾਹਿਗੁਰੂ ਜੀ ਦਾ ਹੈ, ਜਿਵੇਂ ਕਿਰਨਾਂ ਸੂਰਜ ਦੀਆਂ ਹਨ, ਜਿਵੇਂ ਬੂਟੇ ਨਾਲ ਲਗਾ ਫਲ ਬੂਟੇ ਦਾ ਹੈ, ਜਿਵੇਂ ਚਸ਼ਮੇ ਦੀ ਆਡ ਨਾਲ ਲਗਾ ਸਰੋਵਰ ਚਸ਼ਮੇ ਦਾ ਹੈ, ਤਿਵੇਂ ਖ਼ਾਲਸਾ ਵਾਹਿਗੁਰੂ ਦਾ ਹੈ ਆਪਣਾ, ਤੇ ਆਪਣੇ ਨਾਲ ਪਰੋਤਾ।

ਜਦ ਬਾਣੀ ਨਾਲ ਸਾਡੇ ਮਨ ਦਾ ਪਰਦਾ, ਜੋ ਸਾਨੂੰ ਪਸ਼ੂ ਤੇ ਜੀਵ ਬਣਾ ਰਿਹਾ ਹੈ, ਫਟਿਆ ਤੇ ਨਾਮ ਨੇ ਸਾਡੇ ਅੰਦਰਲੇ ਨੂੰ ਵਾਹਿਗੁਰੂ ਨਾਲ ਜੋੜ ਦਿਤਾ, ਤਦ ਆਪਾ ਰੱਬ ਦਾ ਹੋ ਗਿਆ। ਉਸ ਦੇ ਨਾਲ ਹਰ ਦਮ ਜੁੜਿਆ, ਉਸ ਤੋਂ ਪਲ ਰਿਹਾ ਤੇ ਪਾਲਨਾ ਲੈ ਰਿਹਾ ਹੈ, ਹਰ ਦਮ ਉਸ ਦੇ ਸਮਰੱਥਾ ਬਲ ਤੇ ਸਾਰੇ ਗੁਣਾਂ ਦਾ ਸਾਂਝੀਵਾਲ ਹੋ ਰਿਹਾ ਹੈ, ਹਰ ਦਮ। ਇਉਂ ਆਪਾ ਜੀ ਉਠਿਆ।

ਇਸ ਜੀ-ਉਠੇ ਆਪੇ ਨੂੰ ਸਰੀਰ ਦੀ ਮੌਤ ਕੀ ਸ਼ੈਅ ਰਹੀ ? ਕੁਝ ਵੀ ਨਾ, ਮਰਨ ਦਾ ਭਰਮ ਬਿਲਾ ਗਿਆ। ਭਰਮ ਬਿਲਾ ਗਿਆ, ਭੈ ਦੂਰ ਹੋ ਗਿਆ। ਜਿਸ ਦੇ ਅੰਦਰ ਵਾਹਿਗੁਰੂ ਦੀ ਜੋਤਿ ਨਾਲ ਸੰਬੰਧ ਹੋ ਕੇ ਹਰ ਦਮ ਭਾਸਦਾ ਹੈ ਕਿ ਆਹ ਮੈਂ ਮਿਲਿਆ ਪਿਆ ਹਾਂ, ਆਹ ਜੋਤਿ ਜਗ ਰਹੀ ਹੈ, ਉਹ ਆਪਣੇ ਜੀਵਨ ਨੂੰ 'ਕਦੇ ਨ ਮਰਨ ਵਾਲਾ' ਵੇਖ ਰਿਹਾ ਹੈ। ਉਸ ਨੂੰ ਹੁਣ ਮੌਤ ਦਾ ਕੀ ਡਰ ਹੈ ? ਉਹ ਜਾਣਦਾ ਹੈ ਕਿ ਸਰੀਰ ਤਾਂ ਰਹਿਣਾ ਹੀ ਨਹੀਂ, ਇਸ ਨੇ ਮਰਨਾ ਹੀ ਹੈ, ਤੇ ਜੋ ਹਿੱਸਾ ਇਸ ਵਿਚ "ਮੈਂ" ਦਾ ਸੀ, ਸੋ ਹੁਣ ਜਾਗਦੀ ਜੋਤਿ ਨਾਲ ਲਗ ਕੇ ਜਾਗਰਤ ਹੋ ਗਿਆ ਹੈ, ਜੀਉ ਪਿਆ ਹੈ, ਜਗਮਗਾ ਰਿਹਾ ਹੈ*। ਤਦ ਉਹ ਮੌਤ ਤੋਂ ਕਿਉਂ ਡਰਦਾ ਹੈ! ਮੌਤ ਦਾ ਡਰ ਫ਼ਤਿਹ ਹੋ ਗਿਆ। ਜਦੋਂ ਪੂਰਨ ਜੋਤਿ-ਵਾਹਿਗੁਰੂ ਦੀ ਅੰਦਰ ਆਤਮੇ ਆਪਣੇ ਵਿਚ ਜੋਤਿ ਜਗ ਪਈ, ਇਹ ਖ਼ਾਲਸਾ ਹੋ ਗਿਆ ਤੇ ਇਹ ਖ਼ਾਲਸਾ ਜੋਤਿ ਨਾਲ ਜੋ ਜਗਿਆ, ਵਾਹਿਗੁਰੂ ਦਾ ਹੋ ਗਿਆ। ਸੋ ਕਹੁ ਨਾ:

"ਵਾਹਿਗੁਰੂ ਜੀ ਕਾ ਖਾਲਸਾ"

ਹੁਣ ਉਹ ਵਾਹਿਗੁਰੂ ਸਦਾ ਹੈ ਤੇ ਇਹ ਨਾਲ ਰਲ ਕੇ ਸਦਾ ਹੋ ਗਿਆ†। ਜਦ ਇਹ ਜੋਤਿ ਜਗ ਪਈ, ਮੌਤ ਜਿੱਤੀ ਗਈ। ਹੋਰ ਸਮਝੋ—

---

* ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸਾ ਤਾਹਿ ਨਿਖਾਲਸ ਜਾਨੈ ॥੧॥ (ਪਾ: ੧੦, ਤੇਤੀ ਸਵੱਯੇ)

† ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥੧੮॥ (ਪੰਨਾ ੧੧੦੦)



www.AKJ.Org

ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੰਸਾਰੁ ਉਪਾਇਆ ॥੨॥ ਪਾ: ੧੦, ਚੰਡੀ ਕੀ ਵਾਰ

ਸਾਈਂ ਨੇ ਪਹਿਲੇ ਖੰਡਾ ਸਾਜਿਆ, ਖੰਡਾ—ਖੰਡਣ ਵਾਲਾ ਸ਼ਸਤਰ। ਤਦੋਂ ਜਗਤ ਬਣਾਇਆ ਜਦੋਂ ਪਹਿਲਾਂ ਜਗਤ ਨੂੰ ਭੰਨਣ ਦਾ ਸਮਾਨ ਕੀਤਾ, ਪਹਿਲਾਂ ਮੌਤ ਰਚੀ। ਸੋ ਖ਼ਾਲਸੇ ਨੂੰ ਸਮਝ ਆ ਗਈ ਕਿ ਮੌਤ ਬਰਹੱਕ ਹੈ।

ਫੇਰ ਖ਼ਾਲਸਾ ਸੋਚਦਾ ਹੈ ਕਿ ਮੌਤ ਹੈ ਤੇ ਮੈਂ ਮਰਨਾ ਕੋਈ ਨਹੀਂ; ਤਾਂ ਤੇ ਮੌਤ ਝੂਠੀ ਹੈ, ਮੇਰਾ ਮੌਤ ਦਾ ਕੋਈ ਸੰਬੰਧ ਨਹੀਂ, ਚੋਲਾ ਬਦਲਣਾ ਹੈ, ਕਿਵੇਂ ਬਦਲ ਗਿਆ। ਅਕਸਰ ਚੋਲਾ ਪੀੜਾ ਨਾਲ ਬਦਲਦਾ ਹੈ, ਸੋ ਜਦ ਆਪ ਜੋਤਿ ਰੂਪ ਵਿਚ ਜਗ ਰਿਹਾ ਹੈ, ਫਿਰ ਪੀੜ ਕੀ ਤੇ ਮੌਤ ਕੀ ? ਉਹ ਫਿਰ ਪੀੜ ਤੇ ਫ਼ਤਿਹ ਪਾਂਦਾ ਹੈ। ਇਉਂ ਉਹ ਸੂਰਬੀਰ ਮੌਤ ਤੇ ਪੀੜ ਤੋਂ ਅਤੈ ਹੋ ਜਾਂਦਾ ਹੈ।......

ਜਦ ਅੰਦਰ ਜੋਤਿ ਜਗੀ ਤਾਂ ਉਹ ਕੋਈ ਭਾਂਬੜ ਤਾਂ ਨਹੀਂ ਬਲ ਪੈਣਾ, ਉਹ ਸਾਡਾ ਅੰਦਰਲਾ ਜਗਤ ਦੇ ਅੰਧਾਰ ਅਨੰਤ ਸੱਤਾ ਦੇ ਨਾਲ ਲਗ ਕੇ, ਉਸ ਦੇ ਅਸਰ ਨਾਲ ਇਕ ਉਚੇ ਉਤਸ਼ਾਹ, ਉਚੇ ਪ੍ਰਭਾਉ, ਇਕ ਉਚਿਆਣ ਦੇ ਰੰਗ ਵਿਚ ਰਹੇਗਾ। ਉਹੋ ਅਸਲੀ ਸਤਿਆ, ਉਹੋ ਅਸਲੀ ਤਾਕਤ ਇਸ ਵਿਚ ਸੁਆਦ ਦਾ ਰੰਗ ਭਰੇਗੀ। ਇਹ ਉਸ ਵਿਚ ਜੀਏਗਾ, ਬਿਗਸੇਗਾ। ਸਾਈਂ ਅਨੰਦ ਰੂਪ ਹੈ, ਇਹ ਅਨੰਦ ਰਹੇਗਾ। ਸਾਈਂ ਸਰਬ-ਸਮਰੱਥ ਹੈ, ਉਸ ਦੀ ਸਮਰੱਥਾ ਇਸ ਵਿਚ ਆਵੇਗੀ। ਸਾਈਂ ਨੇ ਜਗਤ ਰਚਿਆ ਹੈ, ਇਹ ਉਸ ਰਚਨਾ ਵਿਚ ਉਸ ਸਾਈਂ ਦੇ ਕੰਮ ਦਾ ਸਾਂਝੀਵਾਲ ਕਾਮਾ ਬਣੇਗਾ। ਸੋ ਇਹ ਗੱਲ ਅਸਾਂ ਖ਼ਾਲਸਾ ਆਦਰਸ਼ ਵਿਚ ਰਖੀ ਹੈ ਕਿ ਅੰਦਰਲਾ ਪਿਆ ਜਾਗ, ਮੌਤ ਤੇ ਪੀੜ ਗਈ ਜਿੱਤੀ, ਹੁਣ ਸਰੀਰ ਜੋ ਸਾਈਂ ਨੇ ਦਿਤਾ, ਉਸ ਨੂੰ ਸਫਲਾ ਕਰੋ। ਸਰੀਰ ਉਸ ਨੇ ਐਵੇਂ ਨਹੀਂ ਦਿੱਤਾ, ਇਹ ਕਿਸੇ ਕੰਮ ਵਾਸਤੇ ਹੈ। ਇਸ ਦਾ ਕੰਮ ਹੈ 'ਆਤਮ-ਉਧਾਰ', ਤੁਸੀਂ ਉਧਰੇ ਹੋ, ਹੋਰਾਂ ਨੂੰ ਉਧਾਰੋ।

ਜਦ ਉਧਰੇ ਹੋਏ ਲੋਕ ਦੂਸਰਿਆਂ ਨੂੰ ਉਧਾਰਦੇ ਹਨ, ਤਦ ਲੋਕ ਈਰਖਾ ਕਰਦੇ ਹਨ। ਉਹ ਬੇਪ੍ਰਵਾਹ ਆਪਣੇ ਰੰਗ ਟੁਰਦੇ ਹਨ। ਨਿਰਵੈਰ ਹੁੰਦੇ ਹਨ, ਪਰ ਲੋਕੀਂ ਉਨ੍ਹਾਂ ਨੂੰ ਤੰਗ ਕਰਦੇ ਹਨ, ਉਹ ਸਹਾਰਦੇ ਹਨ। ਇਨ੍ਹਾਂ ਲੋਕਾਂ ਦੇ ਸੱਚੇ ਸੁੱਚੇ ਤੇ ਪਵਿਤਰ ਜੀਵਨ "ਸੱਚੀ ਜ਼ਿੰਦਗੀ" ਦਿਖਾ ਦੇਂਦੇ ਹਨ। ਫੇਰ ਪੁਰਾਣੇ ਮਰ ਚੁਕੇ ਧਰਮ ਦੇ ਆਗੂ, ਮੁਰਦਾ ਪੁਜਾਰੀ ਤੇ ਪੂਜਾ ਦੇ ਧਨ 'ਤੇ ਪਲ ਰਹੇ ਲੋਕੀ, ਜਿਨ੍ਹਾਂ ਵਿਚ ਧਰਮ ਦੀ ਆਂਚ ਮਰ ਚੁਕੀ ਹੁੰਦੀ ਹੈ, ਘਬਰਾਂਦੇ ਹਨ, ਕਿਉਂਕਿ ਲੋਕਾਂ ਦੀ ਸ਼ਰਧਾ ਇਨ੍ਹਾਂ ਦੀ ਮੁਰਦਾ-ਪ੍ਰਸਤੀ ਤੋਂ ਹੱਟ ਕੇ ਜੀਊਂਦੀ ਜ਼ਿੰਦਗੀ ਵਲ ਪਲਟਾ ਖਾਂਦੀ ਹੈ, ਇਹ ਫੇਰ ਉਨ੍ਹਾਂ ਨਾਲ ਈਰਖਾ ਕਰਦੇ ਹਨ। ਇਨ੍ਹਾਂ ਦੀ ਈਰਖਾ ਦੀ ਪੇਸ਼ ਨਹੀਂ ਜਾਂਦੀ, ਫੇਰ ਇਹ ਵਕਤ ਦੇ ਹਾਕਮਾਂ ਨੂੰ ਕੋਈ ਨਾ ਕੋਈ ਬੁੱਤਾ, ਧੋਖਾ, ਲਾਲਚ ਦੇ ਕੇ ਨਾਲ ਰਲਾਂਦੇ ਹਨ। ਰਾਜਾ ਨਾਲ ਨਾ ਰਲੇ ਤਾਂ ਰਾਜਾ ਨੂੰ ਰਾਜ-ਭੈ ਦਸਦੇ ਹਨ ਕਿ ਇਹ ਲੋਕ ਬਹੁਤ ਹੋ ਗਏ ਹਨ, ਆਪੋ ਵਿਚ ਏਕੇ ਵਾਲੇ ਹਨ, ਐਸਾ ਨਾ ਹੋਵੇ ਕੋਈ ਰਾਜ-ਉਪੱਦ੍ਰਵ ਕਰ ਦੇਣ। ਇਸ ਤਰ੍ਹਾਂ ਫੇਰ ਰਾਜਾ ਉਨ੍ਹਾਂ ਜੀਊਂਦਿਆਂ ਲੋਕਾਂ ਪਰ ਸਖ਼ਤੀ ਕਰਦਾ ਹੈ। ਉਹ ਉਤਰ ਨਹੀਂ ਦੇਂਦੇ, ਝਲਦੇ ਝਲਦੇ ਮਰ ਮਿਟਦੇ ਹਨ। ਐਉਂ ਜੋਤਿ ਜਗ ਜਗ ਕੇ ਬੁਝਦੀ ਹੈ, ਫੇਰ ਜਗਦੀ ਹੈ, ਫੇਰ ਬੁਝਦੀ ਹੈ। ਖਾਲਸੇ ਦੇ ਖ਼ਿਆਲ ਵਿਚ ਖਾਲਸੇ ਦੇ ਆਦਰਸ਼ ਵਿਚ ਇਹ ਗੱਲ ਹੁਣ ਹੋਰਵੇਂ ਹੈ। ਉਹ ਇਉਂ ਹੈ ਕਿ ਜਦ ਜੋਤਿ ਅੰਦਰ ਜਗ ਪਈ ਤਦ ਹੋਰਨਾਂ ਅੰਦਰ ਜੋਤਿ ਜਗਾ ਕੇ ਉਨ੍ਹਾਂ ਨੂੰ ਖਾਲਸੇ ਬਨਾਣਾ ਹੈ ਤੇ ਇਸ ਕੰਮ ਵਿਚ ਉਤਸ਼ਾਹ ਤੇ ਉਮਾਹ ਅੰਦਰਲਾ ਰੱਬੀ ਪਿਆਰ ਵਾਲਾ ਹੋਣਾ ਹੈ। ਜਦੋਂ ਰੋਕਾਂ ਪੈਣ, ਜ਼ੁਲਮ ਹੋਵੇ, ਤਦ ਨਿਰਵੈਰ ਰਹਿਣਾ ਹੈ; ਪਰ ਨਿਰਵੈਰ ਰਹਿਣ ਲਈ ਜੰਗਲਾਂ ਵਿਚ ਲੁਕਣਾ ਨਹੀਂ, ਭੱਜ ਨਹੀਂ ਜਾਣਾ, ਸਗੋਂ ਨਾਲ 'ਨਿਰਭਉ' ਰਹਿਣਾ ਹੈ। ਭੈ ਨਹੀਂ ਮੰਨਣਾ। ਭੈ ਦਾ ਸਮਾਂ ਆਵੇ ਤਾਂ ਸੁਰਤਿ ਉਚੀ ਹੋ ਕੇ ਦੁਖ ਝਲੇ। ਜੇ ਭਰਾਵਾਂ (ਜਾਗ ਪਿਆਂ) ਤੇ ਕਸ਼ਟ ਪਏ ਤਾਂ ਇਹ ਸਰੀਰ ਮਿਥਿਆ ਹੈ, ਉਨ੍ਹਾਂ ਦੀ ਰਾਖੀ ਤੇ ਇਹ ਲਾ ਦੇਵੇ। ਇਉਂ ਲੋੜ ਪਏ ਤੇ ਸਰੀਰ ਲਾ ਕੇ ਵੀ 'ਰਖਿਆ ਕਰਨ, ਭਲੇ ਕਰਨ ਦਾ ਉਮਾਹ' ਪਿਆਰ ਤੇ ਜ਼ਿੰਦਗੀ ਦੇ ਹੁਲਾਰੇ ਵਿਚ ਝੂਲੇਗਾ। ਇਹ ਹੁਲਾਰਾ ਹੁਣ ਖਾਲਸੇ ਨੇ ਵਰਤਾਣਾ ਹੈ ਤੇ ਜ਼ੁਲਮ, ਮੂਰਖਤਾ ਤੇ ਅਗਿਆਨ ਦੇ ਅਗੇ ਧਰਮ ਤੇ


www.AKJ.Org

ਧਰਮੀਆਂ ਨੂੰ ਤਬਾਹ ਨਹੀਂ ਹੋਣ ਦੇਣਾ। ਸੋ, ਇਹ ਆਦਰਸ਼ ਖਾਲਸੇ ਨੂੰ ਅਨਿਆਇ ਦੇ ਧੱਕੇ ਦੇ ਕਟਣ ਵਾਸਤੇ ਸ਼ਮਸ਼ੇਰ-ਧਾਰੀ ਬਣਾਂਦਾ ਹੈ।

ਖਾਲਸੇ ਵਿਚ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਤੋਂ ਖ਼ਾਲੀ ਮੁਰਦਾਪਣ ਦਾ ਜੋਗ ਨਹੀਂ ਰਹੇਗਾ, ਪਰ ਸਾਰੇ ਅੰਦਰਲੇ ਮਹਾਂ ਬਲੀ ਇਸ ਦੇ ਨੌਕਰ ਹੋ ਵਰਤਣਗੇ, ਸਾਹਿਬੀ ਇਨ੍ਹਾਂ ਦੀ ਹੋਵੇਗੀ, ਨੌਕਰੀ ਤਾਕਤਾਂ ਦੀ ਹੋਵੇਗੀ। ਲੋਭ ਰਹੇਗਾ ਪਰਮੇਸ਼ਰ ਨਾਲ ਲੋਕਾਂ ਨੂੰ ਜੋੜਨ ਦਾ। ਕਾਮ-ਕਾਮਨਾ ਰਹੇਗੀ ਹਰ ਵੇਲੇ ਸਾਈਂ ਨਾਲ ਅੰਤਰ-ਆਤਮੇ ਲਗੇ ਰਹਿਣ ਦੀ। ਕਰੋਧ ਰਹੇਗਾ ਆਪੇ ਨੂੰ ਹਰ ਨੀਚਤਾ ਤੋਂ ਉਚੇ ਰਖਣ ਦਾ। ਮੋਹ ਰਹੇਗਾ ਗੁਰੂ ਦੇ ਚਰਨਾਂ ਨਾਲ, ਗੁਰਮੁਖ ਨਾਲ, ਸਾਧ ਸੰਗਤ ਨਾਲ ਜੀਉ ਉਠਿਆਂ ਬੰਦਿਆਂ ਨਾਲ, ਖਾਲਸੇ ਨਾਲ। ਹੰਕਾਰ ਰਹੇਗਾ ਅਭੈ ਰਹਿਣ ਦੀ ਉਚਿਆਈ ਵਿਚ, ਅੰਦਰੋਂ ਜੋਤਿ ਨਾਲ, ਵਿਥ ਨਾ ਪੈਣ ਵਿਚ, ਸ਼ਬਦ ਨਾਮ ਦੇ ਅਭਿਆਸ ਵਿਚ ਵਿਥ ਨਾ ਪੈਣ ਦੇਣ ਦੀ ਸਾਵਧਾਨਤਾ ਦੇ ਰੂਪ ਵਿਚ ਸਾਵਧਾਨ ਰਹਿਣ ਵਿਚ, ਆਪਣੇ ਮਨ ਉਤੇ ਕਿਸੇ ਦਾ ਮਾੜਾ ਅਸਰ ਪ੍ਰਭਾਉ ਨਾ ਪੈਣ ਦੇਣ ਵਿਚ, ਜਗਤ ਵਲ ਨੂੰ ਮਨ ਦਾ ਰੁਖ (ਫਨ-ਖਿਲਰੇ ਭੁਜੰਗ ਵਰਗਾ ਦੁਖ ਦੇਣ ਵਾਲਾ ਨਾ, ਪਰ) ਕਿਸੇ ਦੇ ਅਸਰ ਹੇਠ ਆ ਕੇ ਉਸ ਅਗੇ ਮਨ ਨੂੰ ਮਫ਼ਊਲੀਅਤ ਦੀ ਹਾਲਤ ਵਿਚ ਨਾ ਲੈ ਜਾਣ ਵਾਲਾ ਰੁਖ, ਸਦਾ ਸਾਖੀ ਤੇ ਫ਼ਾਇਲੀਅਤ ਦੇ ਰੁਖ* ਵਿਚ ਰਹਿਣ ਦਾ।

ਖਾਲਸਾ ਅੰਦਰੋਂ ਜੋਤਿ ਨਾਲ ਲਗਾ ਰਹੇ। ਫੇਰ ਹੋਰਨਾਂ ਦੇ ਘਟ ਜੋਤਿ ਜਗਾਵੇ। ਜਗਤ ਨਾਲ ਨਿਰਵੈਰ ਰਹੇ, ਪਰ ਨਿਰਭਉ ਜ਼ਰੂਰ ਰਹੇ। ਨਿਰਭਉ ਰਹਿਣ ਵਾਲੇ ਨੂੰ ਜੰਗ ਤਕ ਨੌਬਤ ਜ਼ਰੂਰ ਪੁਜ ਜਾਂਦੀ ਹੈ। ਸੋ ਜੇ ਯੁੱਧ ਆ ਪਵੇ ਤਾਂ ਆ ਪਵੇ, ਮੌਤ ਤੇ ਪੀੜ ਨੂੰ ਜਿੱਤ ਚੁਕੇ ਜੋਗੀ ਸੂਰਮੇ ਬਣਦੇ ਹਨ। ਉਨ੍ਹਾਂ ਦੀ ਸੂਰਮਤਾਈ ਜਗਤ ਤੋਂ ਨਿਰਾਲੀ ਹੁੰਦੀ ਹੈ। ਉਹ ਕੰਮ ਕਰਦੇ ਹਨ ਆਪਣੇ ਵਾਹਿਗੁਰੂ ਦੀ ਪ੍ਰਸੰਨਤਾ ਦੇ ਉਤਸ਼ਾਹ ਵਿਚ। ਜੋ ਕਰਦੇ ਹਨ, ਉਸ ਨੂੰ ਅਰਪਦੇ ਹਨ। ਉਹ ਆਪਣੇ ਨਿਜ ਦੇ, ਗ੍ਰਿਹਸਤ ਦੇ, ਪਰਵਾਰ ਦੇ, ਕੌਮ ਦੇ, ਦੇਸ ਦੇ ਤੇ ਸ੍ਰਿਸ਼ਟੀ ਦੇ ਸਾਰੇ ਕੰਮ ਕਰਦੇ ਹਨ, ਪਰ ਅੰਦਰੋਂ ਹਰ ਵੇਲੇ ਅਨੰਤ ਨਾਲ, ਵਾਹਿਗੁਰੂ ਨਾਲ ਲਗੇ ਰਹਿੰਦੇ ਹਨ। ਅੰਤਰ ਆਤਮੇ ਵਾਹਿਗੁਰੂ ਤੋਂ ਸਾਕਤ ਹੋ ਕੇ, ਵਿਛੜ ਕੇ ਉਹ ਕੋਈ ਕੰਮ ਨਹੀਂ ਕਰਦੇ, ਜਿਵੇਂ ਬੱਚਾ ਮਾਂ ਦੀ ਗੋਦ ਵਿਚ ਬੈਠਾ ਹੱਸਦਾ, ਖੇਲਦਾ, ਖਾਂਦਾ, ਪੀਂਦਾ, ਉਛਲਦਾ ਹੈ, ਪਰ ਗੋਦੋਂ ਵਿਛੜ ਕੇ ਰੋਂਦਾ ਤੇ ਘਬਰਾਂਦਾ ਹੈ, ਗੋਦੀ ਦੇ ਬਾਲ ਵਾਂਗੂੰ ਉਹ ਜਗਤ ਦੇ ਸਾਰੇ ਕੰਮ ਡਾਢੀ ਸੂਰਮਤਾਈ ਨਾਲ, ਬਲ ਨਾਲ, ਉਤਸ਼ਾਹ ਨਾਲ ਕਰਦੇ ਹਨ! ਕੰਮ ਕਰਦੇ ਹਨ, ਪਰ ਸਾਕਤ ਨਹੀਂ ਹੁੰਦੇ, ਲਿਵ, ਲਗਨ, ਲਗਾਉ ਵਿਚ ਰਹਿ ਕੇ ਕਰਦੇ ਹਨ।

ਉਹ (ਸਾਕਤ ਪੁਰਸ਼) ਕਿਸੇ ਲੋਭ ਲਈ ਲੜਨਗੇ, ਕਿਸੇ ਭੈ ਪਿਆਂ ਲੜਨਗੇ, ਕਿਸੇ ਰਾਖੀ ਲਈ ਜੂਝਣਗੇ। ਜਦੋਂ ਆਪਣੇ ਤੋਂ ਬਲ ਵਧੇਰਾ ਪੈ ਜਾਏਗਾ, ਹਾਰ ਮੰਨ ਲੈਣਗੇ। ਜਦੋਂ ਜਿੱਤ ਜਾਣਗੇ, ਹੰਕਾਰ ਦੇ ਗੱਡੇ ਚੜ੍ਹ ਜਾਣਗੇ, ਫੇਰ ਉਹੋ ਜ਼ੁਲਮ, ਧੱਕੇ, ਵਧੀਕੀਆਂ ਆਪ ਕਰਨਗੇ, ਜਿਨ੍ਹਾਂ ਲਈ ਉਨ੍ਹਾਂ ਨੇ ਵੈਰੀ ਨੂੰ ਮਾਰਿਆ ਸੀ। ਫੇਰ ਉਹ ਜਗਤ-ਨਿਆਉਂ ਵਿਚ ਆਪ ਮਾਰੇ ਜਾਣ ਦੇ ਜੋਗ ਬਣ ਜਾਣਗੇ। ਜੇ ਉਹ ਹਾਰ ਜਾਣਗੇ ਤਾਂ ਜਿੱਤੇ ਹੋਏ ਵੈਰੀ ਦੇ ਅਗੇ ਆਪਣਾ ਮਨ ਵੀ ਹਾਰ ਦੇਣਗੇ, ਸੁਰਤਿ ਤੇ ਰੂਹ ਭੀ ਤਬਾਹ ਕਰ ਬੈਠਣਗੇ। ਮਨ ਗੁਲਾਮੀ ਵਿਚ, ਸਰੀਰ ਗੁਲਾਮੀ ਵਿਚ ਟੁਰ ਜਾਏਗਾ। ਐਉਂ ਉਹ ਆਪ ਤੇ ਉਨ੍ਹਾਂ ਤੋਂ ਬਣੀ ਕੌਮ ਮੁਰਦਾਰ ਹੋ ਜਾਏਗੀ।

ਹੰਕਾਰ ਦੇ ਆਸਰੇ ਆਦਮੀ ਸੂਰਮਗਤੀ ਕਰ ਗੁਜ਼ਰਦਾ ਹੈ, ਕੁਰਬਾਨ ਵੀ ਹੋ ਜਾਂਦਾ ਹੈ, ਪਰ ਨਿਰੇ ਹੰਕਾਰ ਦੇ ਆਸਰੇ ਵਾਲੇ ਨੂੰ ਤ੍ਰੈ ਡਰ ਹਨ—(੧) ਜਦੋਂ ਆਪਣੇ ਤੋਂ ਵਡੇ ਹੰਕਾਰੀ, ਵਡੇ ਬਲ ਵਾਲੇ ਤੇ ਵਡੇ ਜਥੇਬੰਦ ਨਾਲ ਟਕਰਨਗੇ, ਤਦ ਹਾਰ ਜਾਣਗੇ। (੨) ਹਾਰ ਕੇ ਦੇਸ, ਧਨ, ਧਾਮ ਦੇਂਦੇ ਹੋਏ ਮਨ ਕਰਕੇ ਗੁਲਾਮ ਹੋ ਜਾਣਗੇ ਤੇ ਅੰਤ ਮੁਰਦਿਹਾਨ ਵਰਤੇਗੀ। (੩) ਜੇ ਜਿੱਤ ਗਏ ਤਾਂ ਆਪ ਜ਼ਾਲਮ, ਧੱਕੇ-ਖ਼ੋਰ ਬਣਨਗੇ; ਧੱਕੇ ਨਾਲ ਧਨ 'ਕੱਠਾ ਕਰ ਕੇ ਧਨੀ ਬਣਨਗੇ, ਧਨੀ ਹੋ ਕੇ ਐਸ਼ ਵਿਚ ਪੈਣਗੇ, ਐਸ਼ ਤੋਂ ਨਿਰਬਲ ਹੋ ਜਾਣਗੇ, ਨਿਰਬਲ ਹੋ ਕੇ ਫੇਰ ਮਨ ਅ-ਸ਼ਕਤ ਤੇ ਮੁਰਦਾ ਹੋ ਕੇ ਸਰੀਰ, ਮਨ ਤੇ ਆਤਮਾ ਦਾ ਬਲ ਖੀਨ ਹੋ ਜਾਏਗਾ। ਚੌਥਾ ਉਨ੍ਹਾਂ ਦਾ ਇਕ

* Subjective Attitud



www.AKJ.Org

ਨਿਸਚੇ ਨੁਕਸਾਨ ਹੋਵੇਗਾ ਕਿ ਉਹ ਪਰਲੋਕ ਗੁਆ ਲੈਣਗੇ । ਗੁਰੂ ਬਾਬੇ ਨੇ ਦਸਿਆ ਹੈ—

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥
ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥
ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥
ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥
ਅਹੰਕਾਰਿ ਮੂਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ ॥੯॥ (ਪੰਨਾ ੧੦੮੯)

ਸੋ ਨਿਰਾ ਹੰਕਾਰੀ ਜਿੱਤੇ ਚਾਹੇ ਹਾਰੇ, ਮਰ ਕੇ ਸੁਖੀ ਨਹੀਂ ਹੋ ਸਕਦਾ । ਇਸ ਲਈ ਨਿਰਾ ਹੰਕਾਰੀ ਸੂਰਮਾ ਆਦਰਸ਼ਕ ਸੂਰਮਾ ਨਹੀਂ ਹੈ ।

ਖਾਲਸਾ ਅੰਦਰੋ ਜੋਤਿ ਜਗੀ, ਸਦਾ ਜਾਗਦੀ ਜੋਤਿ ਨੂੰ ਜਪਦਾ, ਹੰਕਾਰ ਤੋਂ ਉਠ, ਚੜ੍ਹਦੀਆਂ ਕਲਾਂ ਵਿਚ ਵਸਦਾ ਹੈ । ਸਾਰੇ ਕੰਮ ਵੀ ਕਰਦਾ ਹੈ, ਤੇ ਜੰਗ ਵਿਚ ਵੀ ਜਾ ਘੁਸਦਾ ਹੈ । ਨਾ ਤਿਆਗੀ ਵਾਂਗੂ ਢਹਿੰਦੀਆਂ ਕਲਾਂ ਵਿਚ ਜਾਂਦਾ ਹੈ, ਪਰ ਉਹ ਜੰਗ ਵਿਚ ਵੀ ਖੇਡੇਗਾ, ਉਹ ਧਰਮ ਪਿਛੇ, ਨੇਕੀ ਪਿਛੇ, ਉਪਕਾਰ ਪਿਛੇ ਯੁਧ ਵਿਚ ਜਾਏਗਾ । ਫਿਰ ਉਹ ਜਿੱਤ ਲਈ ਨਹੀਂ ਲੜੇਗਾ । ਉਹ ਜਾਣਦਾ ਹੈ, ਵਾਹਿਗੁਰੂ ਸਭ ਤੋਂ ਬਲੀ ਹੈ ਤੇ ਜਿੱਤ ਉਸ ਦੀ ਹੈ ਜੋ ਸਭ ਤੋਂ ਬਲੀ ਹੈ । ਸੋ ਜਿੱਤ ਸਦਾ ਰੱਬ ਦੀ ਹੈ, ਤੇ ਖਾਲਸਾ ਉਹ ਹੈ ਜੋ ਵਾਹਿਗੁਰੂ ਦਾ ਹੋ ਚੁਕਾ ਹੈ । ਸੋ ਖਾਲਸਾ ਵਾਹਿਗੁਰੂ ਦਾ ਹੈ । ਵਾਹਿਗੁਰੂ ਦਾ ਖ਼ਾਲਸਾ ਜਾਣਦਾ ਹੈ ਕਿ ਜਿੱਤ ਸਦਾ ਵਾਹਿਗੁਰੂ ਦੀ ਹੈ, ਉਹ ਸਭ ਤੋਂ ਬਲੀ ਜੁ ਹੋਇਆ । ਖ਼ਾਲਸਾ ਵੀ ਵਾਹਿਗੁਰੂ ਦਾ ਤੇ ਜਿੱਤ ਵੀ ਵਾਹਿਗੁਰੂ ਦੀ । ਤਦ ਜਿੱਤ ਤੇ ਖ਼ਾਲਸਾ ਆਪੋ ਵਿਚ ਇਕ ਮਾਲਕ ਇਕ ਪਿਤਾ ਦੇ ਹੋਏ । ਸੋ ਜਿੱਤ ਖ਼ਾਲਸੇ ਦੀ ਹੋਈ, ਇਸ ਕਰਕੇ ਖ਼ਾਲਸਾ ਜਿੱਤ ਲਈ ਨਹੀਂ ਲੜਦਾ । ਖਾਲਸਾ ਜਾਣਦਾ ਹੈ ਜਿੱਤ ਮੇਰੇ ਵਾਹਿਗੁਰੂ ਦੀ ਹੈ ਤੇ ਮੈਂ ਵਾਹਿਗੁਰੂ ਦਾ ਹਾਂ, ਜਿੱਤ ਤਾਂ ਮੇਰਾ ਵਿਰਸਾ ਹੈ । ਮੈਂ ਜਿਤਣਾ ਹੈ ਤਾਂ ਉਸ ਅਮਿੱਤ ਬਲ ਨਾਲ, ਜੋ ਮੇਰਾ ਨਹੀਂ, ਪਰ ਅੰਦਰੋਂ ਨਾਲ ਲਗੇ ਰਹਿਣ ਕਰਕੇ, ਸਾਈਂ ਵਿਚੋਂ ਮੇਰੇ ਵਿਚ ਆਉਂਦਾ ਹੈ । ਜਿੱਤ ਉਹਦੀ, ਜਿਸ ਦਾ ਬਲ ਮੇਰੇ ਵਿਚ ਆ ਰਿਹਾ ਹੈ । ਸੋ 'ਖਾਲਸਾ ਲੜਦਾ ਹੈ ਅਸੂਲ ਲਈ, ਸੱਚ ਲਈ । ਸੱਚ ਤੇ ਅਸੂਲ ਜਦ ਜਗਤ ਦੇ ਜ਼ੁਲਮ ਨਾਲ ਤਬਾਹ ਹੋਣ ਲਗੇ, ਤਦ ਖ਼ਾਲਸਾ ਦਾ ਨੇਮ ਹੈ ਕਿ ਬੀਰਤਾ ਨਾਲ ਉਸ ਨੂੰ ਬਚਾਵੇ । ਜਗਤ ਦੇ ਜ਼ੁਲਮ ਅਗੇ ਆਪਣਾ ਖੂਬਸੂਰਤ ਆਪਾ ਲੰਮਾ ਨਾ ਪਾ ਦੇਵੇ, ਪਰ ਬੀਰਤਾ ਨਾਲ ਜ਼ੁਲਮ ਨੂੰ ਕਟ ਸੁੱਟੇ'।

ਖ਼ਾਲਸਾ ਸੋ ਜੋ ਅੰਦਰੋਂ ਜੋਗੀ ਹੋਵੇ, ਜੋਗ 'ਨਾਮ' ਤੇ 'ਬਾਣੀ' ਦਾ । ਖ਼ਾਲਸਾ ਸੋ ਜੋ ਜ਼ਾਲਮ ਦੀ ਇੱਟ ਆਵੇ ਤਾਂ ਪੱਥਰ ਨਾਲ ਉਸ ਦੀ ਇੱਟ ਭੰਨ ਦੇਵੇ । ਆਪੇ 'ਤੇ ਫ਼ਤਿਹਯਾਬ ਹੋਵੇ, ਮੌਤ ਨੂੰ ਤੁਛ ਸਮਝ ਕੇ ਡਰੇ ਨਾ, ਪਰ ਅੰਦਰਲੇ ਉਮਾਹ ਨਾਲ ਦੇਹੀ ਨੂੰ ਸਫਲਾ ਕਰੇ । ਹਰ ਇਕ ਸਿਖ ਜੋਤਿ ਜਗੀ ਵਾਲਾ, ਇਕ ਦੀ ਅੰਦਰੋਂ ਟੇਕ ਵਾਲਾ, ਨਿਰਭੈ ਰਹਿਣ ਵਾਲਾ, ਪਰ ਭੈ ਨਾ ਦੇਣ ਵਾਲਾ, ਨਿਰਵੈਰ ਖਾਲਸਾ ਹੈ । ਐਸੇ ਸਾਰੇ ਸਿੱਖਾਂ ਦਾ ਇਕੱਠ ਖ਼ਾਲਸਾ ਹੈ । ਗੁਰੂ ਵੀ ਖਾਲਸਾ ਹੈ, ਖਾਲਸਾ ਵੀ ਗੁਰੂ ਹੈ । ਖਾਲਸਾ ਰੱਬ ਦੀ ਗੋਦ ਵਿਚ ਖੇਲ ਰਿਹਾ ਇਕ ਰੂਹਾਨੀ ਖ਼ਿਆਲ—ਧਿਆਨ ਹੈ, ਆਦਰਸ਼ ਹੈ, ਜਿਸ ਉਤੇ ਹਰ ਸਿਖ ਦਾ ਖ਼ਿਆਲ ਟਿਕ ਰਿਹਾ ਹੈ, ਜਿਵੇਂ ਜਹਾਜ਼ ਚਲਾਉਣ ਵਾਲੇ ਦਾ ਖਿਆਲ ਚਾਨਣ ਮੁਨਾਰੇ (Light House) ਦੇ ਦੀਵੇ 'ਤੇ ਟਿਕਦਾ ਹੈ । ਖਾਲਸਾ ਉਹ ਨਮੂਨਾ ਹੈ, ਜਿਸ ਉਤੇ ਆਇਆਂ ਜਗਤ ਦੀ ਕਲਿਆਨ ਹੁੰਦੀ ਹੈ ।

["ਖੁਲ੍ਹੇ ਘੁੰਡ"—'ਡੱਲੇ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਤ ਚੀਤ' ਵਿਚੋਂ

**ਪਾਠਕ ਜੀ—**(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ । ਹਰ ਮਹੀਨੇ ਪਰਚੇ ਦੇ ਐਡਰੇਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ ।

(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ ।

(੪) ਸ਼ਹੀਦੀ ਤੇ ਪੀੜਤ ਪਰਵਾਰ ਫੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ ।

(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ ।

www.AKJ.Org

# ਗੁਰਬਾਣੀ ਉਤਸ਼ਾਹਤ ਸਕੀਮ

## ਸ੍ਰੀ ਸੁਖਮਨੀ ਸਾਹਿਬ-ਪ੍ਰੀਖਿਆ

'ਸੂਰਾ' ਮਈ ੧੯੮੮ ਅੰਕ ਵਿਚ 'ਗੁਰਬਾਣੀ ਉਤਸ਼ਾਹਤ ਸਕੀਮ' ਦੇ ਸਿਰਲੇਖ ਥਲੇ ਸ੍ਰੀ ਸੁਖਮਨੀ ਸਾਹਿਬ-ਪ੍ਰੀਖਿਆ ਸੰਬੰਧੀ ਕੁਝ ਮਾਡਲ ਪ੍ਰਸ਼ਨ ਛਾਪੇ ਗਏ ਸਨ।

ਇਸ ਸਕੀਮ ਦਾ ਮੂਲ ਮੰਤਵ ਇਹ ਹੈ ਕਿ ਅਸੀਂ ਸਰਬ-ਸੁਖਦਾਤੀ ਪਾਰਸ-ਰਸਾਇਣੀ ਬਾਣੀ ਸ੍ਰੀ ਸੁਖਮਨੀ ਸਾਹਿਬ ਨਾਲ ਵਧ ਤੋਂ ਵਧ ਜੁੜੀਏ ਅਤੇ ਇਸ ਵਿਚ ਗੁੰਫਤ ਹੋਏ ਹੋਏ ਗੁਹਜ ਰਤਨਾਂ ਤੋਂ ਲਾਭ ਉਠਾਈਏ ਤੇ ਏਸ ਤਰ੍ਹਾਂ ਜੀਵਨ ਸਫਲ ਕਰੀਏ। ਪ੍ਰਸ਼ਨਾਂ ਦੀ ਚੋਣ ਅਜਿਹੀ ਭਾਵਨਾ ਅਧੀਨ ਹੀ ਕੀਤੀ ਗਈ ਹੈ। ਪ੍ਰੀਖਿਆ ਵਿਚ ਭਾਗ ਲੈਣ ਵਾਲੇ ਸਜਣਾਂ ਨੂੰ ਆਪਣੇ ਵਲੋਂ ਬਹੁਤਾ ਕੁਝ ਲਿਖਣ ਦੀ ਬਜਾਏ ਸ੍ਰੀ ਸੁਖਮਨੀ ਸਾਹਿਬ ਦੀਆਂ ਸੰਬੰਧਤ ਪੰਗਤੀਆਂ ਰਾਹੀਂ ਹੀ ਉਤਰ ਦੇਣ ਲਈ ਪ੍ਰਸ਼ਨਾਂ ਵਿਚ ਬਾਰ ਬਾਰ ਤਾਕੀਦ ਕੀਤੀ ਗਈ ਹੈ।

ਸ੍ਰੀ ਸੁਖਮਨੀ ਸਾਹਿਬ ਦੀਆਂ ਪੰਗਤੀਆਂ ਦੀ ਸ਼ੁਧ ਲਿਖਾਈ ਲਈ ਗੁਟਕਿਆਂ ਦੀ ਸਹਾਇਤਾ ਲਈ ਜਾ ਸਕਦੀ ਹੈ। ਸੋ ਸੁੰਦਰ ਲਿਖਾਈ ਤੇ ਲਗ-ਮਾਤਰੀ ਸ਼ੁਧ ਬਾਣੀ ਲਿਖਣ ਵਲ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਪ੍ਰੀਖਿਆਰਥੀਆਂ ਦੀ ਸਹੂਲਤ ਲਈ ਕੁਝ ਕੁ ਪ੍ਰਸ਼ਨਾਂ ਦੇ ਮਾਡਲ ਉਤਰ ਥਲੇ ਛਾਪੇ ਜਾਂਦੇ ਹਨ :–

ਪ੍ਰਸ਼ਨ :–ਸ੍ਰੀ ਸੁਖਮਨੀ ਸਾਹਿਬ ਦੇ ਕੇਂਦਰੀ ਭਾਵ ਵਾਲੀਆਂ ਤੁਕਾਂ ਲਿਖੋ ਅਤੇ ਉਹਨਾਂ ਦੇ ਅਰਥ ਦਸੋ।

ਉਤਰ :–ਹਰੇਕ ਸ਼ਬਦ ਦਾ ਕੇਂਦਰੀ ਭਾਵ 'ਰਹਾਉ' ਦੀਆਂ ਤੁਕਾਂ ਵਿਚ ਹੁੰਦਾ ਹੈ। ਸ੍ਰੀ ਸੁਖਮਨੀ ਸਾਹਿਬ ਦੀ ਰਹਾਉ ਅਥਵਾ ਕੇਂਦਰੀ ਭਾਵ ਵਾਲੀ ਦੁਪੰਗਤੀ ਇਹ ਹੈ :–

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥

ਅਰਥ :–'ਸੁਖਮਨੀ' ਪ੍ਰਭੂ ਦਾ ਸੁਖਦਾਇਕ ਨਾਮ ਹੈ, ਜਿਸ ਦਾ ਵਾਸਾ ਸਦਾ ਭਗਤ ਜਨਾਂ ਦੇ ਮਨ ਵਿਚ ਰਹਿੰਦਾ ਹੈ।

ਪ੍ਰਸ਼ਨ :–ਸ੍ਰੀ ਸੁਖਮਨੀ ਸਾਹਿਬ ਵਿਚ ਜੀਵ ਦੇ ਸਾਰੇ ਦੁਖਾਂ ਰੋਗਾਂ ਦਾ ਦਾਰੂ ਦਸਿਆ ਹੋਇਆ ਹੈ। ਉਹ ਕੀ ਹੈ? ਸੰਬੰਧਤ ਪੰਗਤੀ ਦਾ ਹਵਾਲਾ ਦਿਓ ਅਤੇ ਘਟੋ ਘਟ ਪੰਜ ਅਜਿਹੀਆਂ ਪੰਗਤੀਆਂ ਲਿਖੋ, ਜੋ ਦੁਖਾਂ ਰੋਗਾਂ ਦਾ ਦਾਰੂ ਦਸਦੀਆਂ ਹੋਣ।

ਉਤਰ :–ਸ੍ਰੀ ਸੁਖਮਨੀ ਸਾਹਿਬ ਵਿਚ ਦਸਿਆ ਜੀਵ ਦੇ ਦੁਖਾਂ ਰੋਗਾਂ ਦਾ ਦਾਰੂ 'ਨਾਮ' ਹੈ–

ਸਰਬ ਰੋਗ ਕਾ ਅਉਖਦੁ ਨਾਮੁ ॥<br>
ਕਲਿਆਣ ਰੂਪ ਮੰਗਲ ਗੁਣ ਗਾਮ ॥ ੫ ॥ ੯ ॥

ਦੁਖਾਂ ਰੋਗਾਂ ਦਾ ਦਾਰੂ ਦਸਣ ਵਾਲੀਆਂ ਹੋਰ ਪੰਜ ਉਦਾਹਰਣਾਂ ਇਸ ਪ੍ਰਕਾਰ ਹਨ :–

(੧) ਹਰਿ ਕਾ ਨਾਮੁ ਜਪਤ ਦੁਖੁ ਜਾਇ ॥<br>
ਨਾਨਕ ਬੋਲੈ ਸਹਜਿ ਸੁਭਾਇ ॥ ੪ ॥ ੩ ॥

(੨) ਸਾਧ ਸੰਗਿ ਹਰਿ ਹਰਿ ਜਸੁ ਕਹਤ ॥<br>
ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥ ੪ ॥ ੧੪ ॥

(੩) ਏਕ ਆਸ ਰਾਖਹੁ ਮਨ ਮਾਹਿ ॥<br>
ਸਰਬ ਰੋਗ ਨਾਨਕ ਮਿਟਿ ਜਾਹਿ ॥ ੧ ॥ ੧੯ ॥

(੪) ਸਗਲ ਦੂਖ ਕਾ ਹੋਵਤ ਨਾਸੁ ॥<br>
ਨਾਨਕ ਨਾਮੁ ਜਪਹੁ ਗੁਨਤਾਸੁ ॥ ੫ ॥ ੨੦ ॥

(੫) ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥



www.AKJ.Org

ਦੂਖੁ ਦਰਦੁ ਮਨ ਤੇ ਭਉ ਜਾਇ ॥ ੬ ॥ ੨੨ ॥

ਪ੍ਰਸ਼ਨ :–ਮਨੁਖਤਾ ਦੇ ਦਰਦੀ ਸਤਿਗੁਰਾਂ ਨੇ ਸ੍ਰੀ ਸੁਖਮਨੀ ਸਾਹਿਬ ਵਿਚ ਮਨੁਖ ਦੀ ਹਰ ਪਖੋਂ ਊਣਤਾਈ, ਅਸਮ੍ਰਥਾ ਤੇ ਬੇ-ਵਸੀ ਦਸ ਕੇ ਵਾਹਿਗੁਰੂ ਦੇ ਚਰਨਾਂ ਵਿਚ ਰੱਬੀ ਮਿਹਰ ਲਈ ਤਰਲਾ ਮਾਰਿਆ ਹੋਇਆ ਹੈ। ਸੰਬੰਧਤ ਸਗਵੀਆਂ ਪੰਗਤੀਆਂ ਅੰਕਤ ਕਰੋ।

ਉਤਰ :–ਮਨੁਖ ਦੀ ਅਸਮ੍ਰਥਾ ਤੇ ਬੇ-ਵਸੀ ਨਾਲ ਸੰਬੰਧਤ ਪੰਗਤੀਆਂ ਸ੍ਰੀ ਸੁਖਮਨੀ ਸਾਹਿਬ ਦੀ ਚਉਥੀ ਅਸਟਪਦੀ ਦੇ ਛੇਵੇਂ ਪਦੇ ਵਿਚ ਇਸ ਪ੍ਰਕਾਰ ਹਨ–

ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥ ਕਰੁ ਗਹਿ ਲੇਹੁ ਓੜਿ ਨਿਬਹਾਵੈ ॥
ਕਹਾ ਬੁਝਾਰਤਿ ਬੂਝੈ ਡੋਰਾ ॥ ਨਿਸਿ ਕਹੀਐ ਤਉ ਸਮਝੈ ਭੋਰਾ ॥
ਕਹਾ ਬਿਸਨ ਪਦ ਗਾਵੈ ਗੁੰਗ ॥ ਜਤਨ ਕਰੈ ਤਉ ਭੀ ਸੁਰ ਭੰਗ ॥
ਕਹ ਪਿੰਗੁਲ ਪਰਬਤ ਪਰਭਵਨ ॥ ਨਹੀ ਹੋਤ ਊਹਾ ਉਸੁ ਗਵਨ ॥
ਕਰਤਾਰ ਕਰੁਣਾਮੈ ਦੀਨੁ ਬੇਨਤੀ ਕਰੈ ॥ ਨਾਨਕ ਤੁਮਰੀ ਕਿਰਪਾ ਤਰੈ ॥੬॥੪॥

ਪ੍ਰਸ਼ਨ :–ਸ੍ਰੀ ਸੁਖਮਨੀ ਸਾਹਿਬ ਵਿਚ ਬੇਅੰਤ ਪ੍ਰਭੂ ਦੀ ਨਾਨਾ ਪ੍ਰਕਾਰੀ ਰਚਨਾ ਦੀਆਂ ਵਖ ਵਖ ਸ਼ਰੇਣੀਆਂ ਦੇ ਕਰੋੜਾਂ ਜੀਵ ਜੰਤੂਆਂ ਅਤੇ ਵਸਤਾਂ ਆਦਿ ਦਾ ਵਰਨਣ ਕੀਤਾ ਹੋਇਆ ਹੈ। ਇਹਨਾਂ ਵਿਚੋਂ ਆਪ ਕਿਸ ਸ਼ਰੇਣੀ ਨੂੰ ਸਰਬ ਸਰੇਸ਼ਟ ਮੰਨਦੇ ਹੋ ਤੇ ਕਿਉਂ ? ਸਗਵੀਆਂ ਪੰਗਤੀਆਂ ਰਾਹੀਂ ਉਤਰ ਦਿਓ।

ਉਤਰ :–(ੳ) ਬੇਅੰਤ ਪ੍ਰਭੂ ਦੀ ਨਾਨਾ ਪ੍ਰਕਾਰੀ ਰਚਨਾ ਦੀਆਂ ਵਖ ਵਖ ਸ਼ਰੇਣੀਆਂ ਦੇ ਜੀਵ ਜੰਤੂਆਂ ਅਤੇ ਵਸਤਾਂ ਆਦਿ ਦਾ ਵਰਨਣ ਸ੍ਰੀ ਸੁਖਮਨੀ ਸਾਹਿਬ ਦੀ ਦਸਵੀਂ ਅਸਟਪਦੀ ਵਿਚ ਕੀਤਾ ਹੋਇਆ ਹੈ। ਇਹਨਾਂ ਵਿਚੋਂ ਸਰਬ-ਸਰੇਸ਼ਟ ਸ਼ਰੇਣੀ ਇਹ ਹੈ :–

ਕਈ ਕੋਟਿ ਭਏ ਬੈਰਾਗੀ ॥ ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥
ਕਈ ਕੋਟਿ ਪ੍ਰਭ ਕਉ ਖੋਜੰਤੇ ॥ ਆਤਮ ਮਹਿ ਪਾਰਬ੍ਰਹਮੁ ਲਹੰਤੇ ॥
ਕਈ ਕੋਟਿ ਦਰਸਨ ਪ੍ਰਭ ਪਿਆਸ ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥
ਕਈ ਕੋਟਿ ਮਾਗਹਿ ਸਤ ਸੰਗੁ ॥ ਪਾਰਬ੍ਰਹਮ ਤਿਨ ਲਾਗਾ ਰੰਗੁ ॥
ਜਿਨ ਕਉ ਹੋਏ ਆਪਿ ਸੁਪ੍ਰਸੰਨ ॥ ਨਾਨਕ ਤੇ ਜਨ ਸਦਾ ਧਨਿ ਧੰਨਿ ॥ ੬ ॥
ਕਈ ਕੋਟਿ ਪਾਰਬ੍ਰਹਮ ਕੇ ਦਾਸ ॥ ਤਿਨ ਹੋਵਤ ਆਤਮ ਪਰਗਾਸ ॥
ਕਈ ਕੋਟਿ ਤਤ ਕੇ ਬੇਤੇ ॥ ਸਦਾ ਨਿਹਾਰਹਿ ਏਕੋ ਨੇਤ੍ਰੇ ॥
ਕਈ ਕੋਟਿ ਨਾਮ ਰਸੁ ਪੀਵਹਿ ॥ ਅਮਰ ਭਏ ਸਦ ਸਦ ਹੀ ਜੀਵਹਿ ॥
ਕਈ ਕੋਟਿ ਨਾਮ ਗੁਨ ਗਾਵਹਿ ॥ ਆਤਮ ਰਸਿ ਸੁਖਿ ਸਹਜਿ ਸਮਾਵਹਿ ॥
ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ ॥ ਨਾਨਕ ਓਇ ਪਰਮੇਸੁਰ ਕੇ ਪਿਆਰੇ ॥੮॥੧੦॥

(ਅ) ਉਪਰੋਕਤ ਸ਼ਰੇਣੀ ਦੇ ਵਡਭਾਗੇ ਜੀਵਾਂ ਦੀ ਸਰਬ ਸਰੇਸ਼ਟਤਾ ਦਾ ਕਾਰਨ ਇਹ ਹੈ ਕਿ ਕਰਤਾ ਪੁਰਖ ਨੂੰ ਉਹ ਪਿਆਰੇ ਲਗਦੇ ਹਨ। ਜੋ ਕਰਤਾ ਪੁਰਖ ਦਾ ਪਿਆਰਾ, ਉਹ ਸਭ ਦਾ ਪ੍ਰਿਆਰਾ; ਤੇ ਓਹੀ ਸਰਬ ਸਰੇਸ਼ਟ।

ਪ੍ਰਸ਼ਨ :—ਸ੍ਰੀ ਸੁਖਮਨੀ ਸਾਹਿਬ ਵਿਚ ਇਕ ਅਜਿਹੇ ਸਿਰਮੌਰ ਗੁਣ ਦਾ ਵਰਨਣ ਹੈ ਜਿਸ ਨੂੰ ਧਾਰਨ ਕੀਤੇ ਬਗ਼ੈਰ ਲਖਾਂ ਪਦਾਰਥ ਹੁੰਦਿਆਂ ਸੁੰਦਿਆਂ ਮਨੁਖ ਦੀ ਤ੍ਰਿਪਤੀ ਨਹੀਂ ਹੁੰਦੀ। ਸਗਵੀਂ ਪੰਗਤੀ ਰਾਹੀਂ ਦਸੋ, ਉਹ ਕਿਹੜਾ ਪ੍ਰਧਾਨ ਗੁਣ ਹੈ ਅਤੇ ਉਹ ਕਿਵੇਂ ਪ੍ਰਾਪਤ ਹੁੰਦਾ ਹੈ ?

ਉਤਰ :–ਮਨੁਖ ਦੀ ਤ੍ਰਿਪਤੀ ਦਾ, ਸ੍ਰੀ ਸੁਖਮਨੀ ਸਾਹਿਬ ਵਿਚ ਦਰਸਾਇਆ ਸਿਰਮੌਰ ਗੁਣ 'ਸੰਤੋਖ' ਹੈ, ਜੋ ਨਾਮ ਦੀ ਪ੍ਰਾਪਤੀ ਤੋਂ ਉਪਜਦਾ ਹੈ ਅਤੇ ਨਾਮ ਸਾਧੂ (ਸਤਿਗੁਰੂ) ਤੋਂ ਕਿਸੇ ਵਡਭਾਗੇ ਨੂੰ ਪ੍ਰਾਪਤ ਹੁੰਦਾ ਹੈ :–

ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥



www.AKJ.Org

ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥
**ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥**
ਨਾਮ ਰੰਗਿ ਸਰਬ ਸੁਖੁ ਹੋਇ ॥ ਬਡਭਾਗੀ ਕਿਸੈ ਪਰਾਪਤਿ ਹੋਇ ॥...੫॥੧੨॥

ਪ੍ਰਸ਼ਨ :–ਬੀਜ ਮੰਤ੍ਰ ਦਾ ਕੀ ਅਰਥ ਹੈ ? ਸ੍ਰੀ ਸੁਖਮਨੀ ਸਾਹਿਬ ਵਿਚ ਕਿਹੜਾ ਬੀਜ ਮੰਤ੍ਰ ਦਰਸਾਇਆਂ ਹੋਇਆ ਹੈ ? ਇਹ ਕਿਥੋਂ ਮਿਲਦਾ ਹੈ ?

ਉਤਰ :—ਬੀਜ-ਮੰਤ੍ਰ ਤੋਂ ਭਾਵ ਹੈ, ਫਲੀਭੂਤ ਹੋਣ ਵਾਲਾ ਮੁਢਲਾ ਮੰਤਰ। ਬੀਜ-ਮੰਤ੍ਰ, ਜੋ ਸਾਰੇ ਗਿਆਨਾਂ ਦਾ ਮਹਾਂ-ਗਿਆਨ ਹੈ, ਉਹ 'ਨਾਮ' ਹੈ ਅਤੇ ਚਾਰੇ ਵਰਨ ਉਸ ਨੂੰ ਜਪਣ ਦੇ ਅਧਿਕਾਰੀ ਹਨ। ਉਸ ਦੀ ਪ੍ਰਾਪਤੀ ਸਾਧੂ (ਸਤਿਗੁਰੂ) ਤੋਂ, ਉਸਦੀ ਬਖਸ਼ਸ਼ ਨਾਲ ਹੁੰਦੀ ਹੈ। (ਸਤਿਗੁਰੂ) ਜਿਸ ਤੇ ਕਿਰਪਾ ਕਰਦਾ ਹੈ ਉਹ ਨਾਮ ਹਿਰਦੇ ਵਿਚ ਧਾਰਦਾ ਹੈ। ਨਾਮ ਪਸ਼ੂਆਂ, ਪ੍ਰੇਤਾਂ ਤੇ ਮਹਾਂ ਮੂਰਖਾਂ ਦਾ ਨਿਸਤਾਰਾ ਕਰ ਦਿੰਦਾ ਹੈ।

ਬੀਜ ਮੰਤ੍ਰ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥
ਜੋ ਜੋ ਜਪੈ ਤਿਸ ਕੀ ਗਤਿ ਹੋਇ ॥ ਸਾਧ ਸੰਗਿ ਪਾਵੈ ਜਨੁ ਕੋਇ ॥
ਕਰਿ ਕਿਰਪਾ ਅੰਤਰਿ ਉਰਧਾਰੈ ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ॥......੫॥੯॥

ਪ੍ਰਸ਼ਨ :–ਸ੍ਰੀ ਸੁਖਮਨੀ ਸਾਹਿਬ ਦੀਆਂ ਅਖ਼ੀਰਲੀਆਂ ਅਸਟਪਦੀਆਂ ਵਿਚੋਂ ਇਕ ਅਸਟਪਦੀ ਵਿਚ ਇਕ ਅਜਿਹਾ ਰਹੱਸ (ਗੂੜ੍ਹਾ ਰਾਜ਼) ਦਸਿਆ ਹੋਇਆ ਹੈ ਜਿਸ ਨੂੰ ਜਾਣ ਲੈਣ ਨਾਲ ਮਨੁਖ ਅਣਗਿਣਤ ਵਡਿਆਈਆਂ ਅਤੇ ਅਸੀਸਾਂ ਦਾ ਪਾਤਰ ਬਣ ਜਾਂਦਾ ਹੈ। ਉਹ ਕਿਹੜਾ ਰਾਜ਼ (ਭੇਤ) ਹੈ ? ਉਸ ਦੇ ਜਾਣ ਲੈਣ ਨਾਲ ਕੀ ਕੀ ਵਡਿਆਈਆਂ ਅਸੀਸਾਂ ਮਿਲਦੀਆਂ ਹਨ ? ਸਗਵੀਆਂ ਪੰਗਤੀਆਂ ਰਾਹੀਂ ਦਸੋ।

ਉਤਰ :–ਰਹੱਸ (ਗੂੜ੍ਹਾ ਰਾਜ਼)–

ਇਸ ਤੇ ਹੋਇ ਸੁ ਨਾਹੀ ਬੁਰਾ ॥ ਓਰੈ ਕਹਹੁ ਕਿਨੈ ਕਛੁ ਕਰਾ ॥
ਆਪਿ ਭਲਾ ਕਰਤੂਤਿ ਅਤਿ ਨੀਕੀ ॥ ਆਪੇ ਜਾਨੈ ਅਪਨੇ ਜੀ ਕੀ ॥
ਆਪਿ ਸਾਚੁ ਧਾਰੀ ਸਭ ਸਾਚੁ ॥ ਓਤਿ ਪੋਤਿ ਆਪਨ ਸੰਗਿ ਰਾਚੁ ॥
ਤਾ ਕੀ ਗਤਿ ਮਿਤਿ ਕਹੀ ਨ ਜਾਇ ॥ ਦੂਸਰ ਹੋਇ ਤ ਸੋਝੀ ਪਾਇ ॥
ਤਿਸ ਕਾ ਕੀਆ ਸਭੁ ਪਰਵਾਨੁ ॥ ਗੁਰ ਪ੍ਰਸਾਦਿ ਨਾਨਕ ਇਹੁ ਜਾਨੁ ॥੭॥੨੩॥

**ਉਪਰੋਕਤ ਰਹੱਸ ਜਾਣ ਲੈਣ ਵਾਲੇ ਲਈ ਵਡਿਆਈਆਂ/ਅਸੀਸਾਂ–**

ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥ ਆਪਿ ਮਿਲਾਇ ਲਏ ਪ੍ਰਭੁ ਸੋਇ ॥
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥
ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥

ਉਪਰੋਕਤ ਅੰਕਿਤ ਉਤਰਾਂ ਤੋਂ ਭਲੀ ਪ੍ਰਕਾਰ ਵਿਦਤ ਹੈ ਕਿ ਪ੍ਰਸ਼ਨ ਬਿਲਕੁਲ ਸੁਖੈਨ ਹਨ ਅਤੇ ਇਹਨਾਂ ਦੇ ਉਤਰ ਦੇਣ ਵਿਚ ਸ੍ਰੀ ਸੁਖਮਨੀ ਸਾਹਿਬ ਵਿਚੋਂ ਸੰਬੰਧਤ ਪੰਗਤੀਆਂ ਲਭਣ ਦੀ ਯੋਗਤਾ ਹੀ ਦਰਕਾਰ ਹੈ, ਤੇ ਇਹ ਯੋਗਤਾ ਇਸ ਪਾਵਨ ਬਾਣੀ ਦੇ ਲਗਨ ਅਤੇ ਸਾਵਧਾਨੀ ਸਹਿਤ ਅਭਿਆਸ ਕਰਨ ਨਾਲ ਸਹਜੇ ਹੀ ਪ੍ਰਾਪਤ ਹੋ ਜਾਂਦੀ ਹੈ। ਏਸ ਤਰ੍ਹਾਂ ਸ੍ਰੀ ਸੁਖਮਨੀ ਸਾਹਿਬ ਨਾਲ ਪਾਈ ਸਾਂਝ ਸਾਡਾ ਲੋਕ ਪ੍ਰਲੋਕ ਸਵਾਰਨ ਦੀ ਜ਼ਾਮਨ ਹੈ।

ਇਸ ਲਈ ਸ੍ਰੀ ਸੁਖਮਨੀ-ਪ੍ਰੀਖਿਆ ਵਿਚ ਹਰ ਉਮਰ ਦੇ ਸਜਣਾਂ ਨੂੰ ਬਿਨਾਂ ਸੰਕੋਚ ਤੇ ਝਿਜਕ ਦੇ ਭਾਗ ਲੈਣ ਲਈ ਸਨਿਮਰ ਬੇਨਤੀ ਹੈ। ਪ੍ਰਾਰਥਕ–ਕਨਵੀਨਰ, ਇੰਟਰਨੈਸ਼ਨਲ ਗੁਰਬਾਣੀ ਥਰੈਪੀ ਟ੍ਰਸਟ,
੨੦, ਡਾਕਟਰ ਐਵਿਨਿਊ, ਮਜੀਠਾ ਰੋਡ, ਅੰਮ੍ਰਿਤਸਰ



www.AKJ.Org

# ਸਤਿਗੁਰੂ ਦੇ ਚਰਨਾਂ ਵਿਚ ਪੁਕਾਰ

## 'ਕਾਲੀ ਗਰਜ' ਅਪ੍ਰੇਸ਼ਨ ਸਮੇਂ ਹੋਈ ਬੇਅਦਬੀ ਤੋਂ ਦੁਖਿਤ ਹਿਰਦਿਓਂ ਨਿਕਲੀ ਹਵਾੜ

[ਗਿ: ਗੋਪਾਲ ਸਿੰਘ ਮਿੱਤਰ, ੩੪੦/੪ ਰਾਮ ਨਗਰ, ਗੁੜਗਾਉਂ]

ਹੇ ਸ਼ਾਂਤ-ਪੁੰਜ ਧਰਮ-ਧੀਰ ਪਿਤਾ, ਕੀ ਹਰਿਮੰਦਰ ਚਿ ਅੱਜ ਹੋਇਆ ਏ !
ਧਰਤੀ ਦੀਆਂ ਆਹਾਂ ਨਿਕਲ ਗਈਆਂ, ਤੇ ਅਸਮਾਨ ਵੀ ਸਾਰਾ ਰੋਇਆ ਏ !

ਅਜ ਪੰਥ-ਦਰਦੀਆਂ ਦੇ ਸੀਨੇ ਚੋਂ, ਨਿਕਲਣ ਗਰਮ ਹਵਾੜਾਂ ਨੇ !
ਹਰ ਦਿਲ ਨੂੰ ਜ਼ਖ਼ਮੀ ਕੀਤਾ ਏ, ਇਨ੍ਹਾਂ ਡੂੰਘੇ ਪਏ ਸਿਆੜਾਂ ਨੇ !

ਪਰਤੱਖ ਹਰੀ ਗੁਰੂ ਅਰਜਨ ਜੀ, ਜੋ ਵਰਤਿਆ ਏ ਹਰਿਮੰਦਰ ਵਿਚ,
ਚੀਸ ਉਠੇ ਹਰ ਲੂੰ ਲੂੰ ਵਿਚੋਂ, ਤੇ ਪੀੜ ਉਠੇ, ਹਰ ਅੰਦਰ ਵਿਚ !

ਉਹ 'ਤਖ਼ਤ ਅਕਾਲ' ਜੀਹਦੇ ਸਾਹਵੇਂ, ਇਹ ਪੰਥ ਗੁਰਮਤੇ ਕਰਦਾ ਸੀ;
ਤੇ ਮੀਰੀ ਪੀਰੀ ਦੇ ਸੁਮੇਲ ਵਿਚੋਂ, ਤਕਦੀਰ ਆਪਣੀ ਘੜਦਾ ਸੀ;

ਉਸ ਤਖ਼ਤ ਹਰਿਮੰਦਰ ਸਮੂਹ ਅੰਦਰ, ਕਿਸ ਕਿਸ ਹੋਣੀ ਵਰਤਾਈ ਏ !
ਕਿਨ੍ਹਾਂ ਪਾਪ ਗੁਨਾਹਾਂ ਸਦਕਾ ਇਹ, ਬਦਖ਼ੋਈ ਸੁਣਨ ਚਿ ਆਈ ਏ !

ਕੀ ਇਸਨੂੰ ਭਾਣਾ ਸਮਝ ਲਈਏ, ਚੁਪ ਕਰਕੇ ਦੜ ਵਟ ਬਹਿ ਜਾਈਏ !
ਇਹ ਜੋ ਕੁਝ ਅੰਦਰ ਵਰਤਿਆ ਏ, ਕੀ ਵੱਟ ਕਸੀਸਾਂ ਸਹਿ ਜਾਈਏ !

ਨਹੀਂ ਨਹੀਂ ਇਹ ਆਈ ਹੋਣੀ ਨਹੀਂ, ਦਾਤਾ ! ਇਹ ਫੁਟ ਦੀਆਂ ਮਾਰਾਂ ਨੇ ।
ਜੋ ਨਾਗਨ ਬਣ ਕੇ ਡਸ ਗਈ ਏ, ਤੇ ਮਾਰੀਆਂ ਜ਼ਹਿਰ-ਫੁੰਕਾਰਾਂ ਨੇ ।

ਚੋਧਰ ਕੁਰਸੀ ਦੇ ਭੁਖਿਆਂ ਦੀ, 'ਭੁਖ' ਨੇ ਭਾਣਾ ਵਰਤਾਇਆ ਏ ।
ਕੋਈ ਵਿਉਂਤ ਨ ਪਹਿਲੇ ਸੋਚੀ ਏ, ਨਾ ਪੰਥ-ਇਕੱਠ ਬੁਲਾਇਆ ਏ ।

ਹਰ ਆਗੂ ਅੱਜ ਕਲ੍ਹ ਦਲਦਲ ਦੀ, ਘਾਣੀ ਦੇ ਅੰਦਰ ਫਸਿਆ ਏ ।
ਏਸੇ ਲਈ ਆ ਕੇ ਪੰਥ-ਬਾਗ ਤੇ, ਗੜਾ ਅਜਿਹਾ ਵਸਿਆ ਏ ।

ਨਾ 'ਚੜ੍ਹਤ ਸਿੰਘ', ਨਾ 'ਜੱਸਾ ਸਿੰਘ', ਨਾ 'ਸਿੰਘ ਕਪੂਰ' ਕੋਈ ਦਿਸਦਾ ਏ ।
ਚਾਨਣ ਕਿੱਥੋਂ ਮਿਲੇ 'ਮਿੱਤਰ', ਨਾ ਕੋਹਿ-ਤੂਰ ਕੋਈ ਦਿਸਦਾ ਏ ।

ਡਰ ਦਾ ਵਾਤਾਵਰਣ ਅਜਿਹਾ, ਕੋਈ ਵੀ ਅੱਖ ਚੁਕਦਾ ਨਹੀਂ ।
ਨਿਤਪ੍ਰਤਿ ਤਾਣੀ ਉਲਝ ਰਹੀਏ, 'ਮਿੱਤਰ' ਰੇੜਕਾ ਮੁਕਦਾ ਨਹੀਂ ।

ਤੇਰੇ ਆਦਰਸ਼ਾਂ ਨੂੰ ਭੁਲਿਆਂ, ਦਾਤਾ ! ਕਿਸਮਤ ਵਿਗੜੀ ਏ ।
ਸੀਤਾ ਚੋਲਾ ਪਾਟ ਗਿਆ, ਤੇ ਹੋਇਆ ਥਿਗੜੀ ਥਿਗੜੀ ਏ ।

ਕੋਈ ਵੀ ਸਜ਼ਾ ਨਹੀਂ ਕਾਫ਼ੀ ਏ, ਕਰ ਰਹਿਮਤ ਬਖ਼ਸ਼ ਗੁਨਾਹਾਂ ਨੂੰ ।
ਹੇ ਬਿਰਦ-ਪਾਲ ! ਅਗਵਾਈ ਕਰ, ਠਲ੍ਹ ਪਵੇ ਨਿਕਲਦੀਆਂ ਆਹਾਂ ਨੂੰ ।

ਭੁਲ੍ਹਿਆ ਖ਼ੂਨ ਵਡੇਰਿਆਂ ਦਾ, 'ਮਿੱਤਰ' ਅਜਾਈਂ ਜਾ ਰਿਹਾ ਏ ।
ਤੇਰੀ ਖਿੜੀ ਹੋਈ ਫੁਲਵਾੜੀ 'ਤੇ, ਝਖੜਾਂ ਨੇ ਘੇਰਾ ਪਾ ਲਿਆ ਏ ।



www.AKJ.Org

# ਅਨੋਖਾ ਜੋੜਾ

(ਭਾਈ ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ)

ਪੰਜਾਬ ਦੀ ਧਰਤੀ ਤੇ ਜੇਠ ਦੀ ਕੜਕਦੀ ਧੁਪ ਅਤੇ ਲੂ ਪਿਛੋਂ ਲੌਢੇ ਪਹਿਰ ਪੱਛਮ ਰੁਖੋਂ ਵਗਦੀਆਂ ਹਨੇਰੀਆਂ ਤੇ ਗੁਬਾਰ, ਅਜਿਹੇ ਸਮੇਂ ਦੂਰ ਦੇ ਪੰਧ ਤੇ ਬਿਖੜੇ ਰਾਹ, ਕਾਬਲ ਕੰਧਾਰ ਦੇ ਪਹਾੜੀ ਇਲਾਕਿਆਂ ਤੋਂ ਆਏ ਲੋਕਾਂ ਲਈ ਬਹੁਤ ਹੀ ਕਠਨ ਦੇ ਦੁਖਦਾਈ ਲਗਦੇ ਨੇ। ਪਰ ਜਿਨ੍ਹਾਂ ਨੂੰ ਇਸ ਤਰ੍ਹਾਂ ਦੇ ਪੰਧ ਪਿਆਂ ਕਈ ਦਿਨ ਬੀਤ ਗਏ ਹੋਣ, ਉਨ੍ਹਾਂ ਦੀ ਥਕਾਵਟ ਤੇ ਘਬਰਾਹਟ ਦਾ ਅੰਦਾਜ਼ਾ ਕਰਨਾ ਭੀ ਕਠਨ ਏ। ਅਜਿਹੇ ਪਾਂਧੀਆਂ ਦਾ ਇਕ ਟੋਲਾ ਅਜ ਸ਼ਾਮੀਂ ਅੰਮ੍ਰਿਤਸਰ ਸਰੋਵਰ ਤੋਂ ਤਿੰਨ ਚਾਰ ਮੀਲ ਦੀ ਵਿਥ ਤੇ ਆ ਉਤਰਿਆ। ਇਹ ਬਹੁਤ ਥਕੇ ਅਤੇ ਭੁਖ ਤਰੇਹ ਕਾਰਨ ਵਿਆਕੁਲ ਹੋਇ ਹੋਇ ਆਪਣੇ ਰੋਟੀ ਪਾਣੀ ਦੇ ਆਹਰ ਲੱਗਣ ਦੀ ਹਾਲਾਂ ਸੋਚ ਹੀ ਰਹੇ ਸਨ ਕਿ ਅੰਮ੍ਰਿਤਸਰ ਵਲੋਂ ਇਕ ਜਵਾਨ ਜੋੜਾ, ਇਸਤ੍ਰੀ ਅਤੇ ਉਸ ਦਾ ਪਤੀ ਸਿਰਾਂ ਉਪਰ ਟੋਕਰੇ ਅਤੇ ਹਥੀਂ ਪੀਪਾ ਤੇ ਕਰਵਾ ਲਟਕਾਈ ਇਨ੍ਹਾਂ ਪਾਸ ਪੁਜੇ। ਇਥੇ ਪੁਜ ਕੇ ਇਨ੍ਹਾਂ ਟੋਕਰੇ ਲਾਹ ਕੇ ਹੇਠਾਂ ਰਖੇ। ਬੀਬੀ ਨੇ ਪੱਖਾ ਹੱਥ ਲਿਆ ਅਤੇ ਹੁਣੇ ਆ ਕੇ ਬੈਠੇ ਪਾਂਧੀਆਂ ਨੂੰ ਝੁਲਣਾ ਸ਼ੁਰੂ ਕੀਤਾ। ਉਸ ਦੇ ਪਤੀ ਨੇ ਲਾਗੇ ਦੇ ਖੂਹ ਤੋਂ ਪਾਣੀ ਲਿਆਂਦਾ, ਇਨ੍ਹਾਂ ਨੂੰ ਪਿਲਾਇਆ ਅਤੇ ਫਿਰ ਇਕ ਇਕ ਪਾਂਧੀ ਦੇ ਹੱਥ ਮੂੰਹ ਪੈਰ ਧੁਆਉਣੇ ਸ਼ੁਰੁ ਕੀਤੇ, ਸਗੋਂ ਵਡੇਰੀ ਉਮਰ ਦੇ ਬਿਰਧਾਂ ਦੇ ਪੈਰ ਆਪਣੇ ਹਥੀਂ ਧੋਤੇ, ਪੈਰਾਂ ਨੂੰ ਮਲਿਆ ਅਤੇ ਅਛੀ ਤਰ੍ਹਾਂ ਦਬ ਘੁਟ ਉਨ੍ਹਾਂ ਦੀ ਥਕਾਵਟ ਲਾਹੀ। ਜਦੋਂ ਹੱਥ ਪੈਰ ਧੋ ਧੁਵਾ ਚੁਕੇ ਤਾਂ ਟੋਕਰਿਆਂ ਵਿਚੋਂ ਫੁਲਕੇ, ਕੜਾਹ, ਸਬਜ਼ੀ ਆਦਿ, ਜੋ ਉਹ ਉਹਨਾਂ ਲਈ ਤਿਆਰ ਕਰ ਕੇ ਲਿਆਏ ਸਨ, ਕਢ ਕੇ ਸਭ ਨੂੰ ਵਰਤਾਏ ਅਤੇ ਸਾਰਿਆਂ ਨੂੰ ਬੜੇ ਪਿਆਰ ਨਾਲ ਪ੍ਰਸ਼ਾਦ ਛਕਾਇਆ।

ਜਦੋਂ ਪ੍ਰਸ਼ਾਦ ਪਾਣੀ ਛਕ ਚੁਕੇ ਤਾਂ ਪਧਰੇ ਜਹੇ ਥਾਂ ਤੇ ਹਰ ਇਕ ਨੇ ਆਪਣਾ ਆਪਣਾ ਕਪੜਾ ਵਿਛਾਇਆ ਤੇ ਰਾਤ ਦੇ ਆਰਾਮ ਲਈ ਲੇਟ ਗਏ। ਏਨੇ ਨੂੰ ਅੰਮ੍ਰਿਤਸਰੋਂ ਆਏ ਜੋੜੇ ਨੇ ਭਾਂਡੇ ਬਸਤਰ ਆਦਿ, ਜਿਨ੍ਹਾਂ ਵਿਚ ਉਹ ਖਾਣ ਵਾਲੇ ਪਦਾਰਥ ਲਿਆਏ ਸਨ, ਸਾਫ ਕੀਤੇ ਤੇ ਇਨ੍ਹਾਂ ਨੂੰ ਸਾਂਭ ਬੀਬੀ ਨੇ ਪਖੇ ਦੀ ਸੇਵਾ ਲਈ ਅਤੇ ਬੀਬੀ ਦੇ ਪਤੀ ਨੇ ਥਕੇ ਟੁਟੇ ਪਾਂਧੀਆਂ ਨੂੰ ਨਪਣਾ ਘੁਟਣਾ ਅਰੰਭਿਆ। ਭਾਵੇਂ ਪਾਂਧੀ ਉਨ੍ਹਾਂ ਨੂੰ ਇਤਨੀ ਕਠਨ ਸੇਵਾ ਕਰਨ ਤੋਂ ਵਰਜਦੇ ਰਹੇ, ਪਰੰਤੂ ਉਸ ਜੋੜੇ ਨੇ ਸੇਵਾ ਵਿਚ ਰਤਾ ਭਰ ਢਿਲਿਆਈ ਨਹੀਂ ਆਉਣ ਦਿਤੀ। ਬਹੁਤ ਰਾਤ ਗਈ ਤਕ ਇਹ ਜੋੜਾ ਥਕੇ ਹੋਏ ਪਾਂਧੀਆਂ ਦੀ ਇਉਂ ਸੇਵਾ ਕਰਦਾ ਰਿਹਾ। ਕਿਸੇ ਨੂੰ ਕੁਝ ਪਤਾ ਨਹੀਂ ਕਿ ਇਹ ਜੋੜਾ, ਇਸਤ੍ਰੀ ਮਰਦ ਕੌਣ ਹਨ ਅਤੇ ਇਹ ਏਡੇ ਪ੍ਰੇਮ ਨਾਲ ਇਨ੍ਹਾਂ ਪਰਦੇਸੀਆਂ ਦੀ ਸੇਵਾ ਕਿਉਂ ਕਰ ਰਹੇ ਹਨ। ਕਈ ਦਿਨਾਂ ਦੇ ਨਿਤਾਪ੍ਰਤ ਦੇ ਸਫ਼ਰ ਦੇ ਥਕਾਏ ਹੋਏ ਇਹ ਪਾਂਧੀ ਘੂਕ ਨੀਂਦ ਸੌਂ ਗਏ। ਢਲੀ ਰਾਤ ਨੂੰ ਹਵਾ ਚਲਣ ਨਾਲ ਕੁਝ ਠੰਢ ਭੀ ਹੋ ਗਈ ਤਾਂ ਇਹ ਸੇਵਾਦਾਰ ਜੋੜਾ ਮਲਕੜੇ ਜਹੇ ਉਠਿਆ ਅਤੇ ਖ਼ਾਲੀ ਭਾਂਡੇ ਤੇ ਟੋਕਰੇ ਸੰਭਾਲਦਾ ਹੋਇਆ ਆਪਣੇ ਰਾਹ ਪਿਆ। ਸਵੇਰ ਹੋਈ ਪਾਂਧੀ ਉਠੇ ਤਾਂ ਉਥੇ ਨਾ ਉਹ ਜੋੜਾ ਸੀ ਤੇ ਨਾ ਉਨ੍ਹਾਂ ਦਾ ਸਮਾਨ। ਇਨ੍ਹਾਂ ਛੇਤੀ ਛੇਤੀ ਸੌਚ ਇਸ਼ਨਾਨ ਤੋਂ ਵੇਹਲੇ ਹੋ ਤੁਰਨ ਦੀ ਤਿਆਰੀ ਕੀਤੀ।

ਇਹ ਅਜ ਵਡੇ ਖੁਸ਼ ਸਨ ਕਿ ਜਿਸ ਗੁਰੂ ਜੀ ਦੇ ਦਰਸ਼ਨ ਲਈ ਉਨ੍ਹਾਂ ਦੂਰ ਦੁਰਾਡੇ ਦੇਸ ਅਫ਼ਗਾਨਿਸਤਾਨ ਦੇ ਸ਼ਹਿਰ ਕਾਬਲ ਕੰਧਾਰ ਤੋਂ ਸੈਂਕੜੇ ਕੋਹਾਂ ਦਾ ਪੈਂਡਾ ਕਈ ਦਿਨਾਂ ਵਿਚ ਕਟਿਆ ਸੀ, ਉਨ੍ਹਾਂ ਦੇ ਦਰਬਾਰ ਪੁਜ ਕੇ ਅਜ ਇਹ ਉਨ੍ਹਾਂ ਦੀ ਚਰਨ-ਧੂੜ ਮਥੇ ਲਾਉਣਗੇ। ਇਹ ਅਫ਼ਗਾਨੀ ਸਿਖਾਂ ਦਾ ਟੋਲਾ ਛੇਤੀ ਛੇਤੀ ਤਿਆਰ ਹੋ ਕੇ ਸ੍ਰੀ ਅੰਮ੍ਰਿਤਸਰ ਸਰੋਵਰ ਦੇ ਰੁਖ਼ ਨੂੰ ਤੁਰ ਪਿਆ ਅਤੇ ਥੋੜੇ ਚਿਰ ਵਿਚ ਹੀ ਇਹ ਸਰੋਵਰ ਦੇ ਬਾਬਾ ਬੁਢਾ ਜੀ ਦੀ ਬੇਰ ਲਾਗੇ ਜਾ ਪੁਜਾ। ਇਥੇ ਇਨ੍ਹਾਂ ਨੇ ਆਪਣੇ ਜੋੜੇ ਉਤਾਰੇ ਅਤੇ ਵਿਚਾਰ ਹੋਈ ਕਿ ਇਕ ਸਜਣ ਜੋੜਿਆਂ ਦੀ ਰਾਖੀ ਉਥੇ ਠਹਿਰੇ। ਪਰ ਕੌਣ ਹੋਵੇ ਜੋ ਏਡਾ ਜੇਰਾ ਕਰੇ ਕਿ ਜਿਸ ਤਾਂਘ ਨੂੰ ਲੈ ਕੇ ਉਨ੍ਹਾਂ ਏਡੇ ਲੰਮੇ ਸਫ਼ਰ ਦਾ ਏਨਾ ਕਸ਼ਟ ਕਟਿਆ ਸੀ, ਜਦੋਂ ਉਸ ਦੇ ਪੂਰਾ ਹੋਣ ਦਾ ਸਮਾਂ ਆਇਆ ਹੋਵੇ ਤਾਂ ਉਹ ਆਪਣੇ ਸਾਥੀਆਂ ਤੋਂ ❋


www.AKJ.Org

# "ਮੈ ਏਹਾ ਆਸ ਏਹੋ ਆਧਾਰੁ"

ਸਿਖ ਕੌਮ ਉਤੇ ਐਸ ਵੇਲੇ ਮੁਸੀਬਤਾਂ ਦੇ ਝਖੜ ਝੁਲ ਰਹੇ ਹਨ। ਇਸ ਨਾਲ ਵਡੇ ਵਡੇ ਥੰਮ ਢਹਿ-ਢੇਰੀ ਹੋ ਗਏ ਹਨ। ਐਸ ਵੇਲੇ ਕੌਮ ਦੇ ਆਗੂਆਂ ਵਿਚ ਆਪੋ ਧਾਪੀ ਪੈ ਗਈ ਹੈ ਤੇ ਇਕ ਦੂਜੇ ਵਿਰੁਧ ਦੂਸ਼ਨ-ਬਾਜ਼ੀ ਕੀਤੀ ਜਾ ਰਹੀ ਹੈ। "ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ" ਵਾਲੀ ਦਸ਼ਾ ਵਰਤ ਰਹੀ ਹੈ।

ਹੁਣ ਜਦੋਂ ਸਾਰੇ ਸਾਧਨ ਮੁਕ ਗਏ ਜਾਪਦੇ ਹਨ, "ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ" ਵਾਲਾ ਉਪਰਾਲਾ ਕਰਨਾ ਹੀ ਉਚਿਤ ਹੈ। ਇਸ ਨਾਜ਼ਕ ਸਮੇਂ ਭਜਨ ਬੰਦਗੀ ਹੀ ਨਿਜੀ ਤੌਰ ਤੇ ਅਤੇ ਪੰਥਕ ਤੌਰ ਤੇ ਸਹਾਈ ਹੋ ਸਕਦੀ ਹੈ।

ਸੋ ਸਮੂਹ ਅਖੰਡ ਕੀਰਤਨੀ ਜਥਿਆਂ ਦੀ ਸੇਵਾ ਵਿਚ ਬੇਨਤੀ ਹੈ ਕਿ ਇਸ ਨਾਜ਼ਕ ਸਮੇਂ ਵਧ ਤੋਂ ਵਧ ਗੁਰਬਾਣੀ ਅਤੇ ਨਾਮ ਅਭਿਆਸ ਵਿਚ ਜੁੜਿਆ ਜਾਏ। ਸਾਲਾਨਾ ਕੀਰਤਨ ਸਮਾਗਮਾਂ ਦੀ ਬਜਾਏ ਲੋਕਲ ਹਫ਼ਤਾਵਾਰੀ ਕੀਰਤਨ ਸਮਾਗਮ ਹੀ ਕੀਤੇ ਜਾਣ। ਇਹ ਸਮਾਗਮ ਲੋਕਲ ਕੀਰਤਨੀਆਂ ਦੁਆਰਾ ਹੀ ਕੀਤੇ ਜਾਣ ਅਤੇ ਬਾਹਰਲੇ ਸਿੰਘਾਂ ਨੂੰ ਸੱਦੇ ਪੱਤਰ ਭੇਜਣ ਤੋਂ ਸੰਕੋਚ ਕੀਤਾ ਜਾਵੇ। ਇਹਨਾਂ ਸਮਾਗਮਾਂ ਵਿਚ ਜੁੜ ਕੇ ਗੁਰੂ ਚਰਨਾਂ ਵਿਚ ਪੰਥਕ ਬ੍ਰਿਧੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਏ :—

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥
ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ॥ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ॥ (੮੫੩

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ

---

✱ ਨਿਖੜ ਕੇ ਪਿਛੇ ਰਹਿ ਜਾਏ। ਇਹ ਸਾਰੇ ਅਜੇ ਇਸ ਸੋਚ ਵਿਚ ਸਨ ਕਿ ਇਕ ਗਭਰੂ-ਪ੍ਰੇਮੀ ਸਜਣ ਉਥੇ ਆ ਨਿਕਲਿਆ ਅਤੇ ਜੋੜਿਆਂ ਦੀ ਜ਼ਿੰਮੇਵਾਰੀ ਲੈ ਕੇ ਉਨ੍ਹਾਂ ਸਭ ਨੂੰ ਗੁਰੂ ਦੇ ਦਰਸ਼ਨਾਂ ਲਈ ਜਾਣ ਨੂੰ ਕਿਹਾ। ਉਹ ਵਡੇ ਖੁਸ਼ ਹੋਏ ਅਤੇ ਆਪਣੇ ਜੋੜੇ ਤੇ ਹੋਰ ਵਾਧੂ ਸਾਮਾਨ ਉਸ ਪ੍ਰੇਮੀ ਦੀ ਸਪੁਰਦਗੀ ਵਿਚ ਛਡ ਕੇ ਸਰੋਵਰ ਵਲ ਨੂੰ ਵਧੇ। ਅਗੇ ਬੇਰ ਹੇਠ ਬਾਬਾ ਬੁਢਾ ਜੀ ਬੈਠੇ ਸਰੋਵਰ ਦੀ ਸੇਵਾ ਕਰਵਾ ਰਹੇ ਸਨ। ਇਨ੍ਹਾਂ ਬਾਬਾ ਜੀ ਨੂੰ ਪੁਛਿਆ ਕਿ ਗੁਰੂ ਜੀ ਦੇ ਦਰਸ਼ਨ ਕਿਥੇ ਹੋਣਗੇ ? ਤਾਂ ਬਾਬਾ ਜੀ ਕਹਿਣ ਲਗੇ, "ਗੁਰੂ ਜੀ ਤਾਂ ਕਲ੍ਹ ਤ੍ਰਿਕਾਲ ਸੰਧਿਆ ਆਪਣੇ ਮਹਿਲ ਮਾਤਾ ਗੰਗਾ ਜੀ ਸਮੇਤ ਕਿਸੇ ਬੰਨੇ ਵਾਂਢੇ ਗਏ ਸਨ, ਜਿਥੋਂ ਸ਼ਾਇਦ ਹਾਲੇ ਪਰਤੇ ਨਹੀਂ।" ਹੁਣ ਇਨ੍ਹਾਂ ਦੀ ਆਪੋ ਵਿਚ ਵਿਚਾਰ ਸ਼ੁਰੂ ਹੋਈ। ਇਹ ਰਾਤ ਵਾਲੇ ਪ੍ਰਸ਼ਾਦ ਤੇ ਸੇਵਾ ਦੇ ਕਉਤਕ ਉਤੇ ਵਡੇ ਪਰੇਸਾਨ ਸਨ ਕਿ ਅਜਿਹਾ ਕੌਣ ਹੋਵੇ ਜੋ ਅਜਿਹੀ ਅਣਥਕ ਸੇਵਾ ਕਰਦਾ ਹੋਇਆ ਇਹ ਭੀ ਪਤਾ ਨਾ ਲਗਣ ਦੇਵੇ ਕਿ ਉਹ ਕੌਣ ਸੀ। ਉਨ੍ਹਾਂ ਵਿਚੋਂ ਇਕ ਨੇ ਅਗੇ ਹੋ ਕੇ ਕਿਹਾ, "ਭਾਈ ਮਿਤਰੋ, ਮੈਨੂੰ ਤਾਂ ਝਾਉਲਾ ਪੈਂਦਾ ਹੈ ਕਿ ਜਿਸ ਪ੍ਰੇਮੀ ਨੂੰ ਅਸਾਂ ਜੋੜਿਆਂ ਦਾ ਰਾਖਾ ਖੜਾ ਕੀਤਾ ਹੈ, ਇਹ ਉਹੋ ਸਜਣ ਹੈ ਜੋ ਰਾਤ ਤੁਹਾਡੇ ਸਭ ਦੇ ਚਰਨ ਘੁਟਦਾ ਰਿਹਾ ਹੈ।"

ਬਾਬਾ ਬੁਢਾ ਜੀ ਇਨ੍ਹਾਂ ਦੀ ਸਾਰੀ ਗੱਲ ਬਾਤ ਸੁਣ ਰਹੇ ਸਨ। ਆਪ ਕਿਸੇ ਵਜਦ ਅੰਦਰ ਚਲੇ ਗਏ। ਫਿਰ ਅਭੜਵਾਹੇ ਉਠੇ ਅਤੇ ਕਿਹਾ, "ਭਾਈ ਪਿਆਰਿਓ, ਇਹ ਕੌਤਕ ਤਾਂ ਮੇਰੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜਾਪਦੇ ਨੇ, ਨਹੀਂ ਤਾਂ ਸਵੀਂ ਸਾਂਝੀਂ ਉਨ੍ਹਾਂ ਦਾ ਆਪਣੇ ਮਹਿਲਾਂ ਸਮੇਤ ਬਾਹਰ ਨੂੰ ਜਾਣ ਦਾ ਕੀ ਭਾਵ ਸੀ ! ਹੋਵੇ ਨਾ ਤਾਂ, ਗੁਰੂ ਜੀ ਆਪ ਤੁਹਾਡੀ ਸੇਵਾ ਲਈ ਅਗਲਵਾਂਢੀ ਗਏ ਹਨ।" ਇਹ ਕਹਿ ਕੇ ਬਾਬਾ ਬੁਢਾ ਜੀ ਸੰਗਤ ਦੇ ਅਗੇ ਲਗ ਤੁਰੇ। ਜਿਸ ਤਰ੍ਹਾਂ ਕਦੀ ਗੁਰੂ ਅੰਗਦ ਦੇਵ ਜੀ ਦੀ ਭਾਲ ਵਿਚ ਬਾਬਾ ਜੀ ਨੇ ਸਿਖ ਸੰਗਤਾਂ ਦੀ ਅਗਵਾਈ ਕੀਤੀ ਸੀ, ਉਵੇਂ ਹੀ ਇਹ ਇਸ ਅਫ਼ਗਾਨੀ ਸੰਗਤ ਨੂੰ ਉਥੇ ਲੈ ਗਏ ਜਿਥੇ ਮੇਰੇ ਸਤਿਗੁਰੂ ਅਰਜਨ ਦੇਵ ਜੀ ਆਪਣੇ ਪਿਆਰਿਆਂ ਦੀਆਂ ਜੁਤੀਆਂ ਦੇ ਪਹਿਰੇਦਾਰ ਬਣ ਕੇ ਖੜੇ ਹੋਏ ਅਤੇ ਆਪਣੇ ਰੁਮਾਲ ਨਾਲ ਇਨ੍ਹਾਂ ਨੂੰ ਸਾਫ਼ ਕਰ ਰਹੇ ਸਨ। ਸਭ ਦੇ ਸਿਰ ਆਪ ਦੇ ਚਰਨਾਂ ਤੇ ਝੁਕ ਗਏ। ਅਫ਼ਗਾਨੀ ਸਿਖ ਇਕ ਬੰਨੇ ਗੁਰੂ ਜੀ ਦੇ ਚਰਨਾਂ ਨੂੰ ਲਿਪਟ ਰਹੇ ਸਨ, ਅਤੇ ਦੂਜੇ ਬੰਨੇ ਆਪਣੇ ਆਪ ਵਿਚ ਪ੍ਰੇਸ਼ਾਨ ਸਨ ਕਿ ਉਨ੍ਹਾਂ ਪਾਸੋਂ ਭਾਰੀ ਭੁੱਲ ਹੋਈ ਜੋ ਉਨ੍ਹਾਂ ਦੇ ਪੈਰ ਦਬਾਉਣ ਦੀ ਸੇਵਾ ਸਤਿਗੁਰੂ ਜੀ ਨੇ ਕੀਤੀ ਅਤੇ ਮਾਤਾ ਜੀ ਨੇ ਉਨ੍ਹਾਂ ਨੂੰ ਪੱਖਾ ਝੱਲ ਮਿਠੀ ਨੀਂਦਰੇ ਸੁਲਾਇਆ।


www.AKJ.Org

ਮਰਨ ਮੂਲ

# ਇਹ ਸਭ ਕੁਝ ਕਿਉਂ ਹੋ ਰਿਹਾ ਹੈ ?

[ਭਾਈ ਮੋਹਨ ਸਿੰਘ ਜੀ ਵੈਦ, ਤਰਨ ਤਾਰਨ]

ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥੧੯॥
[ਰਾਮਕਲੀ ਮ: ੩ ਅਨੰਦੁ ਪੰਨਾ ੯੧੯

ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਓ ਨਾਉ ॥
ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ ॥੬੪॥ (ਪੰਨਾ ੧੩੬੭)

ਜਗਤ ਦੀ ਕਿਆ ਅਚਰਜ ਦਸ਼ਾ ਹੈ ! ਨਿੱਕੇ ਤੋਂ ਲੈ ਕੇ ਵੱਡੇ ਤਕ, ਅਤੇ ਇਕ ਭਿਖ-ਮੰਗੇ ਤੋਂ ਲੈ ਕੇ ਰਾਜੇ ਤਕ, ਸਭ ਕੋਈ ਆਪੋ ਆਪਣੇ ਮਨ ਦੀਆਂ ਵਧਦੀਆਂ ਜਾਂਦੀਆਂ ਇਛਾਂ ਦੇ ਅਧੀਨ ਇਉਂ ਨਚ ਰਿਹਾ ਹੈ, ਜਿਵੇਂ ਕਲੰਦਰ ਦੇ ਹੱਥ ਬੰਦਰ, ਤੇ ਮਦਾਰੀ ਦੇ ਹੱਥ ਕਠ-ਪੁਤਲੀ। ਲੜਦਾ ਹੈ, ਭਿੜਦਾ ਹੈ, ਛਲ ਛਿਦਰ ਕਰਦਾ ਹੈ; ਧੋਖੇ, ਫ਼ਰੇਬ, ਦਾਬੇ-ਦਿਲਾਸੇ ਵਰਤਦਾ ਹੈ; ਕਦੇ ਦਸ ਰੁਪਏ ਹੋਰ ਬਟੋਰਨ ਲਈ ਧਮਕੀਆਂ ਦੇ ਪੇਚ ਖੇਡਦਾ ਹੈ; ਕਦੇ ਸੌ ਦੋ ਸੌ ਮਰੋੜਨ ਲਈ ਵਢੀਆਂ ਖਾ ਕੇ ਬੇਗੁਨਾਹਾਂ ਤੇ ਬੇਜ਼ਬਾਨਾਂ ਦੇ ਲਹੂ ਨੁਾਉਂਦਾ ਹੈ; ਕਦੇ ਡਾਕੇ ਮਾਰ ਕੇ ਕਈ ਰਾਹ-ਜਾਂਦਿਆਂ ਦੀਆਂ ਜਾਨਾਂ ਲੈਂਦਾ ਹੈ; ਕਦੇ ਚੋਰੀਆਂ ਕਰਦਾ, ਸੰਨ੍ਹਾਂ ਮਾਰਦਾ ਹੈ। ਕਦੇ ਦੂਜੇ ਦੇ ਹਕ ਖੋਂਹਦਾ, ਪਰਾਈ ਜ਼ਮੀਨ, ਪਰਾਇਆ ਧਨ, ਪਰਾਈ ਇਸਤ੍ਰੀ ਪ੍ਰਾਪਤ ਕਰਨ ਨੂੰ ਸੈਂਕੜੇ ਜੋੜ ਤੋੜ, ਹਜ਼ਾਰਾਂ ਹੇਰ ਫੇਰ ਤੇ ਲੱਖਾਂ ਟਿਟਣ ਪਿਟਣ ਕਰਦਾ ਹੈ......। ਆਹ ਕਿਹਾ ਖੱਪ-ਖਾਨਾ ਪਿਆ ਹੋਇਆ ਹੈ—ਕਿਤੇ ਸ਼ਰਾਬ ਦਾ ਪਿਆਲੇ ਤੇ ਪਿਆਲਾ ਉਡ ਰਿਹਾ ਹੈ। ਕਿਤੇ ਜੂਏ ਦੇ ਬਜ਼ਾਰ ਗਰਮ ਹੋ ਰਹੇ ਹਨ। ਕਿਤੇ ਖ਼ੂਨ ਖ਼ਰਾਬੇ ਦੀ ਮੰਡੀ ਭਰ ਰਹੀ ਹੈ। ਕੋਈ ਦੂਜੇ ਦੇ ਮਕਾਨਾਂ, ਖਲਿਹਾਨਾਂ ਤੇ ਦੁਕਾਨਾਂ ਨੂੰ ਅੱਗ ਲਾ ਰਿਹਾ ਹੈ। ਕੋਈ ਭਰਾਵਾਂ ਨੂੰ ਜ਼ਹਿਰ ਦੇ ਕੇ ਦੂਜਿਆਂ ਦੇ ਮਨੁਖ ਤੇ ਡੰਗਰ ਮਰਵਾ ਰਿਹਾ ਹੈ। ਟੱਕੇ ਟੱਕੇ ਪਿਛੇ ਸਿਰ ਜਾ ਰਹੇ ਹਨ । ਚੱਪਾ ਚੱਪਾ ਭੁਇੰ ਮਗਰ ਕਚਹਿਰੀਆਂ ਵਿਚ ਰੁਪਏ ਪਲਿਓਂ ਉਜਾੜ ਕੇ ਲੋਕੀ, ਕੰਗਾਲੀ, ਧੱਕੇ ਮਾਰ ਬੇਇਜ਼ਤੀ ਮੁਲ ਖ਼ਰੀਦ ਰਹੇ ਹਨ।

ਮੁਕਦੀ ਗੱਲ, ਹਰ ਪਾਸੇ ਜਿਧਰ ਦੇਖੀਏ, ਈਰਖਾ, ਡਾਹ, ਸਾੜੇ ਦੀ ਡੌਂ ਦੀ ਅੱਗ ਭਬਾਕੇ ਮਾਰ ਰਹੀ ਹੈ। ਅਰ ਬਿਨਾਂ ਵਿਚਾਰੇ, ਬਿਨਾਂ ਸੋਚੇ ਸਭ ਖ਼ਲਕਤ ਅੰਨ੍ਹੇਵਾਹ ਏਸ ਬਲਦੇ ਭੱਠ ਵਿਚ ਆਪਣੇ ਆਪ ਨੂੰ ਝੋਕ ਰਹੀ ਹੈ। ਕਿਸ ਗੱਲ ਪਿਛੇ ?

ਕੇਵਲ ਇਸ ਪਿਛੇ, ਕਿ ਇਸ ਦੁਨੀਆ ਵਿਚ ਮੈਂ ਸੁਖ ਭੋਗਾਂ, ਮੌਜਾਂ ਮਾਣਾਂ ਤੇ ਐਸ਼ਾਂ ਕਰਾਂ। ਜਗਤ ਵਿਚ ਵੱਡਾ ਹੋਵਾਂ, ਸਭ ਤੋਂ ਉਚਾ ਸਮਝਿਆ ਜਾਵਾਂ। ਮੇਰੀ ਨਜ਼ਰ ਵਿਚ ਸਾਰੇ ਬਾਕੀ ਦੇ ਸੰਗੀ ਸਾਥੀ, ਦੋਸਤ ਮਿਤਰ, ਬਰਾਦਰੀ ਭਾਈਚਾਰੇ ਦੇ ਆਂਢੀ ਗੁਆਂਢੀ ਕੀੜਿਆਂ ਮਕੌੜਿਆਂ ਵਾਂਗ ਦਿਸਣ। ਜਗਤ ਦੇ ਸਾਰੇ ਸੁਖ "ਮੈਂ" ਮਾਣਾਂ, ਭੋਗ "ਮੈਂ" ਭੋਗਾਂ, ਬੁਲੇ "ਮੈਂ" ਲੁਟਾਂ ! ਕੌਣ ਜੰਮਿਆ ਹੈ ਜੋ ਮੇਰੀ ਬਰਾਬਰੀ ਕਰੇ, ਮੇਰੇ ਸਾਹਮਣੇ ਅਰ ਮੇਰੇ ਸਾਵੇਂ ਦਾ ਹੋ ਕੇ ਤੁਲੇ ! ਤੇ ਜੇਕਰ ਵਾਹ ਚਲੇ ਤਾਂ ਕਿਤੇ ਦੂਜਾ ਸਾਹਮਣੇ ਨਾ ਦਿੱਸੇ। ਇਹ ਸਭ ਕੁਝ ਤ੍ਰਿਸ਼ਨਾ ਦਾ ਪੁਆੜਾ ਹੈ। ਤ੍ਰਿਸ਼ਨਾ ਦੇ ਵਸ ਹੋ ਕੇ ਹੀ ਜੀਵ ਇਹ ਸਭ ਕੁਝ ਕਰਦੇ ਹਨ।

ਸੰਸਾਰ ਦੀਆਂ ਇਹ ਖੇਡਾਂ ਕੇਹੀਆਂ ਅਚੰਭੇ ਵਾਲੀਆਂ ਹਨ ! ਸਭ ਇਸੇ ਵਹਿਣ ਵਿਚ ਰੁੜ੍ਹੇ ਜਾ ਰਹੇ ਹਨ— ਇਕ ਦੂਜੇ ਦਾ ਮੁਕਾਬਲਾ, ਪਰਸਪਰ ਟਾਕਰਾ, ਆਪੋ ਵਿਚ ਦੰਗੇ ਫ਼ਸਾਦ, ਵਿਰੋਧ, ਮੁਖ਼ਾਲਫ਼ਤ, ਕੁਕੜਾਂ ਦੀ ਲੜਾਈ, ਮੇਢਿਆਂ ਦਾ ਭੇੜ, ਝੋਟਿਆਂ ਦੀਆਂ ਟਕਰਾਂ। ਹਾਇ ਜਗਤ ! ਇਹ ਸੰਸਾਰ ? ਕਰਤਾਰ !! ਕਰਤਾਰ !!!

ਇਹ ਸਭ ਕੁਝ ਕਿਉਂ ਹੋ ਰਿਹਾ ਹੈ ? ਆਓ ਖਾਂ, ਇਸ ਦੇ ਕਾਰਨ ਲਭੀਏ। ਕਦੇ ਇਸ ਪਾਸੇ ਵੀ ਝਾਤੀ ਚਾ ਮਾਰੀਏ, ਕਦੇ ਇਸ ਹਿਸਾਬ ਦੀਆਂ ਗਣੀਆਂ ਵੀ ਚਾ ਗਿਣੀਏ।

ਦੁਨੀਆਦਾਰੋ ਅਰ ਦੀਨਦਾਰੋ ! ਦੁਨੀਆ ਵਿਚ ਮਸਤ, ਬਦਮਸਤ ਅਰ ਅਲਮਸਤ ਹੋਏ ਹੋਏ ਮਾਇਆ ਦੇ


www.AKJ.Org

ਕੀੜਿਓ ! ਅਰ ਸੰਸਾਰੀਆਂ ਨੂੰ ਤਾਰਨ ਦਾ ਦਾਅਵਾ ਕਰਨ ਵਾਲੇ ਡੁਬੇ ਹੋਏ, ਗੋਤੇ ਖਾ ਰਹੇ ਅਰ ਰੁੜ੍ਹੇ ਜਾ ਰਹੇ ਦਿਖਾਵੇ ਦੇ ਤਾਰੂਓ ! ਸੱਚ ਦਸੋ ਖਾਂ, ਕਿਆ ਇਸ ਸਾਰੇ ਤੰਦਲ-ਤਾਣੇ ਦਾ ਮੂਲ ਕਾਰਨ ਕੇਵਲ ਇਹੋ ਤਾਂ ਨਹੀਂ ਕਿ ਸਾਨੂੰ ਮਰਨਾ ਭੁਲ ਗਿਆ ਹੈ ? ਤੇ ਮੌਤ ਯਾਦ ਨਹੀਂ ? ਇਹ ਸੱਚ ਹੈ। ਪਿਆਰਿਓ, ਅਸੀਂ ਕੀਹ ਸਾਂ ?–

ਖਾਕ ਨੂਰ ਕਰਦੰ, ਆਲਮ ਦੁਨੀਆਇ ॥ (ਪੰਨਾ ੭੨੩)

ਅਥਵਾ–ਜਲ ਕੀ ਭੀਤਿ, ਪਵਨ ਕਾ ਥੰਭਾ, ਰਕਤ ਬੁੰਦ ਕਾ ਗਾਰਾ ॥

ਹਾਡ, ਮਾਸ, ਨਾੜੀ ਕੋ ਪਿੰਜਰੁ, ਪੰਖੀ ਬਸੈ ਬਿਚਾਰਾ ॥੧॥੬॥ (ਪੰਨਾ ੬੫੯)

ਇਹ ਬੰਦਾ, ਜੋ ਹੰਕਾਰੀ ਹੋ ਰਿਹਾ ਹੈ, ਪਾਣੀ ਦੀ ਬੂੰਦ ਤੋਂ ਮਿਟੀ ਦਾ ਗੋਲਾ ਤਿਆਰ ਹੋਇਆ, ਨੌਂ ਦਸ ਮਹੀਨੇ ਗੂੰਹ ਮੂਤ ਦੀ ਹਨੇਰੀ ਕੋਠੀ ਵਿਚ ਵਸਿਆ, ਬਾਹਰ ਆ ਕੇ ਵੀ ਗੂੰਹ ਮੂਤ ਵਿਚ ਲਿਬੜ ਕੇ ਪਲਿਆ, ਪਰ ਜਦੋਂ ਰਤਾ ਕੁ ਵਡਾ ਹੋਇਆ, ਬਸ ਹੰਕਾਰ ਦੀ ਹਨੇਰੀ ਵਿਚ ਇਸ ਦੀਆਂ ਆਸਾਂ ਤੇ ਇਛਾਂ ਦੇ ਟਾਹਣੇ ਹਲੂਰੇ ਲੈਣ ਲਗੇ। ਪਰ ਇਸ ਨੇ ਨਾ ਪਛਾਤਾ, ਕਿ ਮੈਂ ਜਿਹੜਾ ਅਜ ਪੌਣ ਦੇ ਬੁਲਿਆਂ ਵਿਚ ਬੁਲੇ ਲੁਟ ਰਿਹਾ ਹਾਂ, ਕਿਸੇ ਦਿਨ ਦੀ ਮਾਰੂ ਹਨੇਰੀ ਵਿਚ ਜੜ੍ਹਾਂ ਤੋਂ ਪੁਟਿਆ ਜਾ ਕੇ ਖ਼ਾਕ ਵਿਚ ਰਲ ਜਾਵਾਂਗਾ।

ਇਸ ਗ਼ਾਫ਼ਲ ਨੇ ਨਾ ਸੋਚਿਆ ਕਿ–

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥ (੧੪੨੯)

ਰਾਵਣ ਵਰਗੇ ਹੰਕਾਰੀ, ਕਰਣ ਵਰਗੇ ਬਲੀ, ਰਾਜੇ ਰਾਣੇ, ਚਕ੍ਰਵਰਤੀ ਪਾਤਸ਼ਾਹ ਇਥੇ ਚਾਰ ਦਿਨਾਂ ਦੇ ਡੰਕੇ ਵਜਾ ਕੇ, ਸਰਾਇ ਵਿਚ ਆਏ ਪ੍ਰਾਹੁਣੇ ਵਾਂਗ, ਦੋਇ ਹੱਥ ਝਾੜ ਕੇ ਚਲ ਬਸੇ।

ਇਸ ਬੇਪਰਵਾਹ ਨੇ ਗੁਰੂ ਨਾਨਕ ਮਾਰਗ ਦੇ ਢੰਡੋਰੇ ਦੀ ਰਤਾ ਵੀ ਕੂਕ ਪੁਕਾਰ ਨਾ ਸੁਣੀ, ਤੇ ਨਾ ਵਿਚਾਰਿਆ ਕਿ–ਗਹਿਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥

ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥੧॥ (੬੯੨)

ਤੇ ਨਾ ਹੀ ਇਸ ਅਵੇਸਲੇ ਪਏ ਨਿਡਰ ਜੀਵ ਨੇ—"ਨੈਨਹੁ ਦੇਖਤ ਇਹੁ ਜਗੁ ਜਾਈ" ਦੇ ਆਸ਼ੇ ਅਨੁਸਾਰ ਅਖੀਂ ਮਰਦੇ ਵੇਖ ਕੇ, ਹਥੀਂ ਮੁਰਦੇ ਸਾੜ ਕੇ, ਗੁਆਂਢੀਆਂ ਦੇ ਘਰੀਂ ਸਿਆਪੇ ਸੁਣ ਕੇ ਵੀ ਮੌਤ ਦਾ ਡਰ ਕੀਤਾ।

ਪਿਆਰੇ ਸਜਣ ਜੀ ! ਜਦੋਂ ਇਹ ਹਾਲ ਹੈ, 'ਮਰਨ' ਯਾਦ ਹੀ ਨਹੀਂ, "ਮਰਨ ਮੂਲ ਤੇ ਜੀਵਨ ਲਾਹਾ" ਮਨ ਵਿਚ ਨਿਸਚਿਤ ਹੀ ਨਹੀਂ, ਫੇਰ ਸੰਸਾਰ ਵਿਚ ਜੇਕਰ ਪਾਪਾਂ, ਅਪਰਾਧਾਂ, ਦੁਖਾਂ ਅਰ ਕਲੇਸ਼ਾਂ ਦੀ ਨਦੀ ਕਾਂਗ ਪਰ ਨਾ ਚੜ੍ਹੇ ਤਾਂ ਹੋਰ ਕੀ ਹੋਵੇ ! ਸਤਿਸੰਗ ਕੌਣ ਕਰੇ ! ਨੇਕੀ ਕੌਣ ਕਰੇ ! ਸੇਵਾ ਅਰ ਉਪਕਾਰ ਦਾ ਲਾਭ ਕੌਣ ਉਠਾਏ !

ਗੁਰੂ ਨਾਨਕ ਜੋਤਿ ਜਗਤ ਤੇ ਆਏ। ਮੌਤ ਵਲੋਂ ਬਿਲਕੁਲ ਘੇਸਲ ਵੱਟੀ ਬੇਸੁਧ ਪ੍ਰਾਣੀਆਂ ਨੂੰ ਹੋਕੇ ਦਿਤੇ, ਅਰ ਕਿਹਾ–

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥

ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥੧॥ਰਹਾਉ॥ (ਪੰਨਾ ੪੩)

ਅਤੇ–ਸੋ ਦਿਨੁ ਆਵਨ ਲਾਗਾ ॥

ਮਾਤਾ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ ॥੧॥ਰਹਾਉ॥ (੬੯੨)

ਜਗਤ-ਗੁਰੂ ਨੇ ਉਚੀ ਦੇ ਕੇ ਕਿਹਾ, ਹੇ ਲੋਕੋ ! ਮੌਤ ਤੋਂ ਡਰੋ, ਮਰਨ ਨੂੰ ਯਾਦ ਕਰੋ ! ਤਦੇ ਸੁਖੀ ਹੋਵੋਗੇ। ਅਰ ਜਦੋਂ ਮੌਤ ਤੋਂ ਨਾ ਡਰੋਗੇ, ਤਦ ਹੀ ਮੌਤ ਤੋਂ ਨਿਰਭੈ ਹੋ ਸਕੋਗੇ। ਬਸ, ਜਗਤ-ਗੁਰੂ ਦਾ ਉਪਦੇਸ਼ ਕਮਾਓ ਅਰ ਦੀਨ ਤੇ ਦੁਨੀਆ ਦੇ ਸੁਖਾਂ ਦੇ ਭਾਗੀ ਬਣੋ।

[੧੯੦੮ ਦੀ ਪੁਰਾਣੀ ਲਿਖਤ "ਸਿਖ ਹੈਂਡ ਬਿਲ" ਵਿਚੋਂ



www.AKJ.Org

# ਗੁਰੂ ਕਾ ਵਾਸਤਾ ਜੇ

ਹੇਠ ਲਿਖੀ ਅਪੀਲ ਜਥੇਦਾਰ, ਅਖੰਡ ਕੀਰਤਨੀ ਜਥਾ ਵਜੋਂ ਰੋਜ਼ਾਨਾ 'ਅਜੀਤ' ਵਿਚ ੬.੬.੮੮ ਨੂੰ ਛਪੀ–

ਅਪ੍ਰੇਸ਼ਨ 'ਨੀਲਾ ਤਾਰਾ' ਤੋਂ ਮਗਰੋਂ 'ਕਾਲੀ ਗਰਜ' ਅਪ੍ਰੇਸ਼ਨ ਨੇ ਸਮੁੱਚੇ ਸਿਖ ਜਗਤ ਨੂੰ ਝੰਜੋੜ ਕੇ ਰਖ ਦਿਤਾ ਹੈ।

ਇਕ ਪਾਸੇ ਸਿਖ ਲੀਡਰਸ਼ਿਪ ਵਿਚ ਪਰਸਪਰ ਫੁਟ ਤੇ ਆਪੋ ਧਾਪੀ, ਦੂਜੇ ਪਾਸੇ ਸਰਕਾਰ ਦੀ ਪੰਜਾਬ ਅਤੇ ਸਿਖਾਂ ਪ੍ਰਤੀ ਵਿਤਕਰੇ ਵਾਲੀ ਨੀਤੀ ਨਾਲ ਸਿਖ ਕੌਮ ਦੀ ਹੀਣਤਾ ਅਤੇ ਨਮੋਸ਼ੀ ਹੋਈ ਹੈ। ਇਥੇ ਹੀ ਬਸ ਨਹੀਂ, ਇਸ ਦੇ ਫਲ-ਸਰੂਪ ਕਈ ਸਿਧਾਂਤਕ ਅਤੇ ਰਾਜਸੀ ਸਮੱਸਿਆਵਾਂ ਭਿਆਨਕ ਰੂਪ ਧਾਰ ਕੇ ਕੌਮ ਦੇ ਸਾਹਮਣੇ ਆ ਖੜੀਆਂ ਹੋਈਆਂ ਹਨ। ਵਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਇਸ ਨਾਜ਼ਕ ਸਮੇਂ ਪੰਥ ਦੀ ਧਾਰਮਿਕ ਪ੍ਰਬੰਧਕ ਰਾਜਸੀ ਲੀਡਰਸ਼ਿਪ ਦੀ ਇਕਸੁਰਤਾ ਭੰਗ ਹੋਈ ਹੈ। ਇਨ੍ਹਾਂ ਸਾਰੇ ਵਰਗਾਂ ਵਲੋਂ ਇਕ ਦੂਜੇ ਨੂੰ ਭੰਡਣ ਅਤੇ ਛੁਟਿਆਰਨ ਦਾ ਭੰਡੀ-ਪ੍ਰਚਾਰ ਅਰੰਭ ਹੋ ਗਿਆ ਹੈ। ਮੁਕਦੀ ਗੱਲ, ਸਰਕਾਰ ਲੜਾਈ ਆਪਣੇ ਗਲੋਂ ਲਾਹ ਕੇ ਸਿਖਾ ਦੇ ਵਿਹੜੇ ਵਾੜਨ ਵਿਚ ਸਫਲ ਹੋ ਗਈ ਜਾਪਦੀ ਹੈ।

ਜੋ ਕੁਝ ਕੌਮ ਨਾਲ ਵਾਪਰਿਆ ਹੈ, ਉਸ ਸੰਬੰਧੀ ਫ਼ਰਜ਼-ਸ਼ਿਨਾਸੀ ਵਜੋਂ ਮੁਜਰਮਾਨਾ ਕੋਤਾਹੀ ਵਜੋਂ ਕੀ ਰਾਜਸੀ ਲੀਡਰਸ਼ਿਪ ਅਤੇ ਕੀ ਧਾਰਮਿਕ ਆਗੂ, ਅਸੀਂ ਸਾਰੇ ਇਕ ਦੂਜੇ ਤੋਂ ਵਧ ਦੋਸ਼ੀ ਹਾਂ। ਇਸ ਨਾਜ਼ਕ ਸਮੇਂ ਆਪਣਾ ਦੋਸ਼ ਦੂਜਿਆਂ ਸਿਰ ਥਪਿਆਂ ਕਿਸੇ ਦਾ ਛੁਟਕਾਰਾ ਨਹੀਂ।

ਜੋ ਕੁਝ ਅਖ਼ਬਾਰਾਂ ਵਿਚ ਛਪਿਆ ਹੈ, ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਸਰਕਾਰ ਦ ਨਿਸ਼ਾਨਾ ਕੌਮ ਵਿਚ ਫੁਟ ਪਾ ਕੇ ਇਸ ਨੰ ਹੋਰ ਜ਼ਲੀਲ ਕਰਨਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ੋਭਾ-ਸ਼ਕਤੀ ਨੂੰ ਖੇਰੂੰ ਖੇਰੂੰ ਕਰ ਕੇ, ਇਸ ਵਿਚੋਂ ਰਾਜਸੀ ਲਾਭ ਪ੍ਰਾਪਤ ਕਰਨਾ ਹੈ।

ਗੁਰੂ ਦਾ ਵਾਸਤਾ ਜੇ, ਜ਼ਰਾ ਠਹਿਰੋ, ਸੋਚੋ ਅਤੇ ਪਦ-ਪਦਵੀਆਂ ਦੀ ਫੋਕੀ ਹਉਮੈ ਅਹੰਕਾਰ ਛਡ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਇਕ ਹੋ ਜਾਓ, ਨਹੀਂ ਤਾਂ ਗੁਰੂ ਗ੍ਰੰਥ ਪੰਥ ਤੋਂ ਬੇਮੁਖ ਹੋਏ ਸਭ ਖੈ ਹੋ ਜਾਵਾਂਗੇ ਅਤੇ ਸਿਖ ਸੰਕਟ ਨੂੰ ਹੋਰ ਗੰਭੀਰ ਕਰਨ ਵਜੋਂ ਸੱਚੀ ਦਰਗਾਹ ਵਿਚ ਗੁਰੂ ਦੇ ਦੇਣਦਾਰ ਬਣਾਂਗੇ।

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਸਿਖ ਸੰਗਤਾਂ ਵਲੋਂ ਗੁਰਸਿਖ ਪੀੜਤ ਪਰਵਾਰਾਂ ਲਈ ਪੁਜੀ ਮਾਇਆ ਦਾ ਵੇਰਵਾ—

| | | | |
|---|---|---|---|
| ਸ: ਜਗਤ ਸਿੰਘ, ਜਲੰਧਰ | ੫੦੦-੦੦ | ਭਾਈ ਸੁਖਦੇਵ ਸਿੰਘ ਪਟਿਆਲਾ | ੧੦੦-੦੦ |
| ਸ: ਗਿਆਨ ਸਿੰਘ ਸਪੁਤ੍ਰ ਸ: ਹੁਕਮ ਸਿੰਘ ਕਲਿਤਰਾਂ | ੧੦੧-੦੦ | ਸ. ਹਰਬੰਸ ਸਿੰਘ, ਬੀਅਰਵੁਡ, ਬਾਰਲੇ ਯੂ.ਕੇ | ੧੮੮੧-੯੦ |
| ਭਾਈ ਹਜ਼ੂਰਾ ਸਿੰਘ, ਪਿੰਡ ਭਾਈ ਸਾਧੂ (ਅੰਮ੍ਰਿਤਸਰ) | ੫੦੦-੦੦ | ਸ: ਚਰਨ ਸਿੰਘ, ਬਰਮਿੰਘਮ ,, | ੧੨੩-੦੦ |
| ਬੀਬੀ ਸੁਰਜੀਤ ਕੌਰ, ਮੋਗਾ | ੧੦੧-੦੦ | ਸ: ਇੰਦਰਜੀਤ ਸਿੰਘ, ਸਮੈਥਵਿਕ ,, | ੧੨੩-੦੦ |
| ਸ: ਪ੍ਰਦੁਮਨ ਸਿੰਘ, ੨੯-ਸ਼ਿਵ ਨਗਰ, ਜਲੰਧਰ | ੧੦੦-੦੦ | ਸਿਖ ਸੰਗਤ c/o ਸ:ਮਨਜੀਤ ਸਿੰਘ ਬਰਮਿੰਘਮ | ੬੪੭-੧੦ |
| ਸੰਗਤ ਗੁਰਦਵਾਰਾ ਸਾਹਿਬ, ਐਮਰਸਡੰਮ, ਹਾਲੈਂਡ | ੪੯੨੦-੦੦ | ਭਾਈ ਅਜੀਤ ਸਿੰਘ ਕੈਰੋਂ | ੧੦੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

ਜਿਨ੍ਹਾਂ ਪਰਵਾਰਾਂ ਦੇ ਕਮਾਊ ਮੈਂਬਰ ਜਾਂ ਮਾਰੇ ਗਏ ਹਨ, ਜਾਂ ਜੇਲ੍ਹਾਂ ਵਿਚ ਹਨ, ਜਾਂ 'ਨੀਲਾ ਤਾਰਾ ਅਪ੍ਰੇਸ਼ਨ' ਸਮੇਂ ਤੋਂ ਲਾ-ਪਤਾ ਹਨ, ਉਨ੍ਹਾਂ ਦੀਆਂ ਪਰਵਾਰਕ ਲੋੜਾਂ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਲਈ ਹੇਠ ਲਿਖੀ ਮਦਦ ਦਿਤੀ ਗਈ—

| | | |
|---|---|---|
| ਮਾਸਕ ਸਹਾਇਤਾ ਪੰਜ ਪੀੜਤ ਪਰਵਾਰਾਂ ਨੂੰ ਬੈਂਕ ਰਾਹੀਂ | | ੧੫੦੦-੦੦ |
| ਬੀਬੀ ਗੁਰਦੀਪ ਕੌਰ, ਮਾਤਾ ਭਾਈ ਗੁਰਮੀਤ ਸਿੰਘ ਸ਼ਰੀਫਪੁਰਾ ਅੰਮ੍ਰਿਤਸਰ | (ਬੱਚਾ ਜੇਲ੍ਹ ਤੇ ਗੁਜ਼ਾਰਾ ਤੰਗ) | ੧੫੦੦-੦੦ |
| ਬੀਬੀ ਵੀਨਾ ਕੌਰ ਸੁਪਤਨੀ ਭਾਈ ਪ੍ਰੀਤਮ ਸਿੰਘ, ਤੁੰਗ (ਅੰਮ੍ਰਿਤਸਰ) | (ਪਤੀ ,, ,, ,, ) | ੧੫੦੦-੦੦ |
| ਬੀਬੀ ਜਸਬੀਰ ਕੌਰ ਸੁਪਤਨੀ ਭਾਈ ਸੁਰਜੀਤ ਸਿੰਘ, ਹਰਪੁਰਾ (ਬਟਾਲਾ) | (ਪਤੀ ਜੇਲ੍ਹ ਪੈਰਵੀ ਲਈ) | ੧੫੦੦-੦੦ |
| ਬੀਬੀ ਰਣਜੀਤ ਕੌਰ ਸੁਪਤਨੀ ਭਾਈ ਪਿਆਰ ਸਿੰਘ,ਸਿੰਬਲਾਂ(ਬਟਾਲਾ) | (ਪਤੀ ਲਾ-ਪਤਾ, ੬ ਬੱਚੇ, ਗੁਜ਼ਾਰਾ) | ੫੦੦੦-੦੦ |
| ਬੀਬੀ ਪ੍ਰਕਾਸ਼ ਕੌਰ ਸਪੁਤਰੀ ਭਾਈ ਕਰਨੈਲ ਸਿੰਘ, ਭਿਖੀਵਿੰਡ, ਅੰਮ੍ਰਿਤਸਰ | (,, ,, ਬਚਿਆਂ ਦੀ ਪਾਲਨਾ) | ੫੦੦੦-੦੦ |
| ਬੀਬੀ ਗੁਰਮੀਤ ਕੌਰ ਸੁਪਤਨੀ ਗਿ: ਕਰਮ ਸਿੰਘ, ਧਨੀ ਪਿੰਡ, ਜਲੰਧਰ | (ਬੱਚੀ ਅਜਮੇਰ ਜੇਲ੍ਹ, ਪੈਰਵੀ ਲਈ) | ੫੦੦੦-੦੦ |

੫੦੦੦-੦੦ ਪਟਿਆਲੇ ਇਕ ਸਿੰਘ ਵਲੋਂ ਸਹਾਇਤਾ ਵਾਪਸ ਪੁਜੀ ਹੈ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਅੰਮ੍ਰਿਤਸਰ

www.AKJ.Org

## ਅੰਬਾਲਾ ਛਾਉਣੀ ਵਿਖੇ ਅਖੰਡ ਕੀਰਤਨ ਤੇ ਅੰਮ੍ਰਿਤ ਸਿੰਚਾਰ

ਗੁਰਦਵਾਰਾ ਗੋਬਿੰਦ ਨਗਰ ਅੰਬਾਲਾ ਛਾ: ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋ ਰਹੇ ਹਨ—

੧੨ ਅਗਸਤ ਨੂੰ ਸਵੇਰੇ ਸ੍ਰੀ ਅਖੰਡਪਾਠ ਅਰੰਭ, ੧੪ ਅਗਸਤ ਨੂੰ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ਨੂੰ ੫ ਵਜੇ ਅੰਮ੍ਰਿਤ ਸਿੰਚਾਰ ਤੇ ਰਾਤ ਨੂੰ ਰੈਣ ਸਬਾਈ ਕੀਰਤਨ, ੧੫ ਅਗਸਤ ਸੋਮਵਾਰ ਸਵੇਰੇ ਸਮਾਪਤੀ।

## ਤਰੀਕ ਦੀ ਸੋਧ ਕਰੋ ਜੀ—ਫ਼ੀਰੋਜ਼ਪੁਰ ਸ਼ਹਿਰ ਕਾਂਸ਼ੀ ਨਗਰੀ ਦਾ ਪ੍ਰੋਗਰਾਮ

ਭਾਈ ਬਲਵੰਤ ਸਿੰਘ ਖਾਲਸਾ ਦੇ ਗ੍ਰਹਿ ੧੬ ਜੁਲਾਈ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਗੁਰਦਵਾਰਾ ਬਗਦਾਦੀ ਗੇਟ ਫ਼ੀਰੋਜ਼ਪੁਰ ਸ਼ਹਿਰ ਵਿਖੇ ਹੋਣੇ ਹਨ ਜੀ।

## ਮਾਸਕ ਰੈਣ ਸਬਾਈ ਕੀਰਤਨ ਪਿੰਡ ਧਾਂਦਰਾ (ਲੁਧਿਆਣਾ) ਵਿਖੇ

ਮਾ: ਸਤਵੰਤ ਸਿੰਘ ਰਾਮਪੁਰ ਸੂਚਨਾ ਦੇਂਦੇ ਹਨ ਕਿ ਗੁਰਦਵਾਰਾ ਗੁਰਮਤਿ ਮਹਾਂ ਥਾਨ ਵਿਖੇ ੧੬ ਜੁਲਾਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਆਇ ਜੁੜੋ ਜੀ।

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ ਤੇ ਸ੍ਰੀ ਅਖੰਡਪਾਠ

(1) 19-7-88 ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਗੁਰੂ ਨਾਨਕ ਗੁਰਦਵਾਰਾ, ਪ੍ਰਾਸਪੈਕਟ ਸਟਰੀਟ, ਨੇੜੇ ਫ਼ਾਇਰ ਸਟੇਸ਼ਨ, ਹਡਰਸਫ਼ੀਲਡ ਵਿਖੇ। ਗੁਰਦਵਾਰਾ ਫ਼ੋਨ 0484-23773
ਵਧੇਰੇ ਜਾਣਕਾਰੀ ਲਈ ਜਥੇਦਾਰ ਭਾਈ ਦੀਦਾਰ ਸਿੰਘ ਫ਼ੋਨ 0484-545165

(2) 12 ਤੋਂ 14-8-88 ਸ੍ਰੀ ਅਖੰਡਪਾਠ ਉਪਰੰਤ ਕੀਰਤਨ, ਲੋਕਲ ਪ੍ਰੋਗਰਾਮ, ਭਾਈ ਸੋਹਨ ਸਿੰਘ ਦੇ ਗ੍ਰਹਿ 218-ਵੈਕਸਹੈਮ ਰੋਡ, ਸਲੌਅ, ਬਰਕ ਵਿਖੇ। ਫ਼ੋਨ 0753-30624

(3) 20-8-88 ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਗੁਰੂ ਨਾਨਕ ਗੁਰਦਵਾਰਾ, ਹਡਲੇ ਪਾਰਕ ਰੋਡ, ਹਡਲੇ, ਟੇਲਫ਼ੋਰਡ ਗੁਰਦਵਾਰਾ ਫ਼ੋਨ 0952-51734

### ਯੂ. ਕੇ. ਵਿਚ ਆਪਣੇ ਬਕਾਏ ਅਤੇ ਚੰਦੇ ਜਮ੍ਹਾ ਕਰਾਓ

S. Gurnam Singh, 10 Lambourne Gardens, Early, Reading, Berks. U.K.

### ਪਰਦੇਸੀ ਸਜਣਾਂ ਨੂੰ ਆਖ਼ਰੀ ਸੂਚਨਾ

ਜਿਨ੍ਹਾਂ ਕੁਝ ਕੁ ਅਮਾਨਤੀ ਲਾਈਫ਼ ਮੈਂਬਰਾਂ ਦੇ ਬਕਾਏ ਅਜੇ ਤਕ ਨਹੀਂ ਆਏ, ਉਨ੍ਹਾਂ ਨੂੰ ਦੋ ਤਿੰਨ ਵਾਰ ਇਤਲਾਹ ਦਿਤੀ ਜਾ ਚੁਕੀ ਹੈ। ਹੁਣ ਹੋਰ ਇਤਲਾਹ ਨਹੀਂ ਦਿਤੀ ਜਾਏਗੀ। ਜੁਲਾਈ ਦੇ ਅਖ਼ੀਰ ਤਕ ਜਿਨ੍ਹਾਂ ਦੇ ਬਕਾਏ ਨਹੀਂ ਪੁਜਣਗੇ, ਉਨ੍ਹਾਂ ਦੀਆਂ ਪਹਿਲੀਆਂ ਰਕਮਾਂ ਸਾਲਾਨਾ ਚੰਦੇ ਜਾਂ ਸੀ-ਮੇਲ ਅਮਾਨਤੀ ਲਾਈਫ਼ ਮੈਂਬਰੀ ਵਿਚ ਤਬਦੀਲ ਕਰ ਦਿਤੀਆਂ ਜਾਣਗੀਆਂ।

**ਨਾਂ ਦੀ ਬਦਲੀ**—ਦਾਸ ਦੀ ਸਿੰਘਣੀ ਦਾ ਪਹਿਲਾ ਨਾਂ ਪਰਮਜੀਤ ਕੌਰ ਸੀ, ਹੁਣ ਗੁਰ-ਮਰਯਾਦਾ ਅਨੁਸਾਰ ਨਵਾਂ ਨਾਂ ਹਰਪ੍ਰੀਤ ਕੌਰ ਰਖਿਆ ਗਿਆ ਹੈ। ਦਾਸ—ਬਲਦੇਵ ਸਿੰਘ, ਪਿੰਡ ਤੇਪਲਾ (ਅੰਬਾਲਾ)

**ਬੁਰ ਵਾਲਾ ਵਧੀਆ ਤੌਲੀਆ**—ਹੁਸ਼ਿਆਰਪੁਰ ਸ਼ਹੀਦੀ ਸਮਾਗਮ ਤੇ ਕਿਸੇ ਪ੍ਰੇਮੀ ਦਾ ਤੌਲੀਆ ਰਹਿ ਗਿਆ ਹੈ। ਭਾਈ ਹਰਮਿੰਦਰ ਸਿੰਘ ਜੀ (ਸੋਭਾ ਸਿੰਘ ਹਰਮਿੰਦਰ ਸਿੰਘ) ਬੈਂਕ ਰੋਡ, ਹੁਸ਼ਿਆਰ ਤੋਂ ਪ੍ਰਾਪਤ ਕਰੋ।

**'ਸੂਰਾ' ਦੀ ਚੜ੍ਹਦੀ ਕਲਾ ਲਈ**—ਹਰੇਕ ਪਾਠਕ ਦੋ ਦੋ ਨਵੇਂ ਮੈਂਬਰ ਬਣਾ ਕੇ ਗੁਰਸਿਖੀ ਨੂੰ ਉਜਾਗਰ ਕਰਨ ਵਿਚ ਸਹਾਈ ਹੋਵੋ ਜੀ।

### ਮਨੀਆਰਡਰ ਤੇ ਬੈਂਕ ਡਰਾਫ਼ਟ ਆਦਿ ਭੇਜਣ ਦਾ ਪਤਾ

**Sura Monthly, Bazar Mai Sewan, Amritsar**

www.AKJ.Org